ੴ ਸਤਿਗੁਰ ਪ੍ਰਸਾਦਿ ॥

## ਤੁਲਨਾਤਮਿਕ ਧਰਮ ਅਧਿਐਨ

# ਈਸਾਈ ਮਤ ਅਤੇ ਗੁਰਮਤਿ

## ਮੂਲ ਰੂਪ ਵਿੱਚ

ਸਿੱਖ ਮਿਸ਼ਨਰੀ ਕਾਲਜ (ਰਜ਼ਿ :)

ਲੁਧਿਆਣਾ ਦੁਆਰਾ ਪ੍ਰਕਾਸ਼ਿਤ ਪੁਸਤਕ

ਕ੍ਰਾਂਤਿਕਾਰੀ ਜਗਤ ਗੁਰੂ ਨਾਨਕ ਦੇਵ ਚੈਰਿਟੇਬਲ ਟਰਸਟ, ਚੰਡੀਗੜ੍ਹ

ਲਾਂਚ ਕਰਤਾ : ਜਸਬੀਰ ਸਿੰਘ

Mob. : 099881-60484, 62390-45985

Type Setting : Radheshyam Choudhary

Mob. : 098149- 66882

Download Free

# ਈਸਾਈ ਮਤ ਅਤੇ ਗੁਰਮਤਿ

ਸੰਸਾਰ ਦੇ ਹੋਰ ਪ੍ਰਸਿੱਧ ਧਰਮਾਂ ਦੀ ਤਰ੍ਹਾਂ ਈਸਾਈ ਧਰਮ ਦਾ ਜਨਮ ਵੀ ਏਸ਼ੀਆਂ ਵਿਚ ਹੋਇਆ ਅਤੇ ਇਹ ਧਰਮ ਯੂਰਪ ਵਿਚ ਵਧਿਆ-ਫੁਲਿਆ। ਈਸਾਈ ਪ੍ਰਚਾਰਕਾਂ ਦੇ ਯਤਨਾਂ ਸਦਕਾ ਹੁਣ ਇਹ ਧਰਮ ਸਾਰੇ ਸੰਸਾਰ ਵਿਚ ਫੇਲ ਚੁਕਾ ਹੈ ਅਤੇ ਮੰਨਣ ਵਾਲਿਆ ਦੀ ਗਿਣਤੀ ਤੇ ਲਿਹਾਜ਼ ਨਾਲ ਸਭ ਤੋਂ ਵੱਡਾ ਧਰਮ ਕਰਕੇ ਮੰਨਿਆ ਜਾਂਦਾ ਹੈ।

ਇਸ ਧਰਮ ਦਾ ਨਾਂ ਇਸਦੇ ਬਾਨੀ ਹਜ਼ਰਤ ਈਸਾ (ਯੀਸੂਮਸੀਹ, ਕ੍ਰਾਈਸਟ ਤੋਂ ਪਿਆ ਹੈ। ਇਸ ਧਰਮ ਦੇ ਸਿਧਾਂਤ ਦੀ ਜਾਣਕਾਰੀ ਦੇਣ ਅਤੇ ਉਨ੍ਹਾਂ ਦੀ ਗੁਰਮਤਿ ਨਾਲ ਤੁਲਨਾ ਕਰਨ ਤੋਂ ਪਹਿਲਾ ਅਸੀਂ ਈਸਾ ਮਸੀਹ ਦੇ ਜੀਵਨ ਉਤੇ ਸੰਖੇਪ ਝਾਤ ਮਾਰਨੀ ਜ਼ਰੂਰੀ ਸਮਝਦੇ ਹਾਂ।

## ਈਸਾ ਜੀ ਦਾ ਜੀਵਨ :

ਈਸਾ ਜੀ ਦਾ ਜਨਮ ਯਹੂਦੀਆਂ ਦੇ ਦੇਸ਼ ਫਿਲਸਤੀਨ ਦੇ ਸ਼ਹਿਰ ਬੈਥਲਹਮ ਵਿਚ ਸੰਨ 6 ਈ. ਪੂਰਵ ਵਿਚ, ਕੁਆਰੀ ਕੰਨਿਆਂ ਮੇਰੀ ਦੀ ਕੁਖੋਂ ਹੋਇਆ। ਉਹ ਯੂਸਫ ਨਾਂ ਦੇ ਤਰਖਾਣ ਦੀ ਮੰਗੇਤਰ ਸੀ।

ਯਹੂਦੀਆਂ ਦੇ ਧਰਮ ਗਰੰਥ "ਪੁਰਾਣੇ ਨਿਯਮ" (Old Testament) ਵਿਚ ਇਹ ਭਵਿਖ ਬਾਣੀ ਪਹਿਲਾਂ ਦੀ ਅੰਕਤ ਸੀ ਕਿ 'ਦੁਨੀਆਂ ਦੀ ਮੁਕਤੀ ਦਾ ਦਾਤਾ' ਇਕ ਕੰਜਕ ਦੇ ਘਰ ਪੈਦਾ ਹੋਵੇਗਾ। ਇਹ ਗਰੰਥ ਬਾਈਬਲ ਦਾ ਪਹਿਲ ਹਿਸਾ ਹੈ।

ਬਾਈਬਲ ਵਿਚ ਲਿਖੇ ਅਨੁਸਾਰ ਜਬਰਾਈਲ ਫ਼ਰਿਸ਼ਤੇ ਨੇ ਕੰਵਾਰੀ 'ਮੇਰੀ' ਨੂੰ ਆਖਿਆ ਸੀ- 'ਮੇਰੀ' ! ਤੂੰ ਪਵਿਤਰ ਰੂਹ ਰਾਹੀਂ ਗਰਭਵਤੀ ਹੋਵੇਂਗੀ ਅਤੇ ਬੈਥਲਹਮ ਵਿਚ ਇਕ ਧਰਮ ਪਰਚਾਰਕ ਪੁਤਰ ਜਣੇਂਗੀ।" ਈਸਾ ਦਾ ਜਨਮ ਮਗਰੋਂ, ਉਸਦੇ 'ਪਿਤਾ' ਯੂਸਫ ਨੂੰ ਆਪਣੀ ਮੰਗੇਤਰ ਉਤੇ ਸ਼ੱਕ ਹੋਇਆ, ਪਰ ਫਰਿਸ਼ਤੇ ਜ਼ਬਰਾਈਲ ਦੇ ਸਮਝਾਉਣ ਉਤੇ ਉਸਦੀ ਤਸੱਲੀ ਹੋ ਗਈ ਤੇ ਉਹ 'ਮੇਰੀ' ਅਤੇ ਬਾਲ ਯੀਸੂਨੂੰ ਆਪਣੇ ਘਰ ਲੈ ਆਇਆ।

ਉਨ੍ਹੀ ਦਿਨੀਂ ਫਿਲਸਤੀਨ ਉਤੇ ਹੀਰੋਡ ਨਾਂ ਦਾ ਰਾਜਾ ਰਾਜ ਕਰਦਾ ਸੀ। ਉਸਨੂੰ ਕੁਝ ਜੋਤਸ਼ੀਆਂ ਨੇ ਈਸਾ ਦੇ ਜਨਮ ਦੀ ਇਹ ਆਖ ਕੇ ਸੂਚਨਾ ਦਿਤੀ ਕਿ ਉਸਦੇ ਰਾਜ ਵਿਚ ਕਿਸੇ ਥਾਂ ਉਤੇ ਯਹੂਦੀਆਂ ਦਾ ਬਾਦਸ਼ਾਹ ਪੈਦਾ ਹੋ ਗਿਆ ਹੈ। ਹੀਰੋਡ ਯਹੂਦੀਆਂ ਦਾ ਵੈਰੀ ਅਤੇ ਜ਼ੁਲਮੀ ਰਾਜਾ ਸੀ। ਉਸ ਨੇ ਹੁਕਮ ਕਰ ਦਿਤਾ ਕਿ ਯੂਰੋਸ਼ਲਮ ਵਿਚ ਦੋ ਸਾਲਾਂ ਤੋਂ ਛੋਟੀ ਉਮਰ ਦੇ ਸਭ ਬੱਚੇ ਕਤਲ ਕਰ ਦਿਤੇ ਜਾਣ। ਯੂਸਫ ਅਤੇ ਮੇਰੀ ਬਾਲ ਯੀਸੂਨੂੰ ਲੈਕੇ ਮਿਸਰ ਦੇਸ਼ ਵਿਚ ਆ ਗਏ। ਪਰ ਮਿਸਰ ਆਉਣ ਤੋਂ ਪਹਿਲਾਂ ਉਹ ਯਹੂਦੀਆਂ ਦੇ ਧਰਮ ਅਸਥਾਨ ਯੂਰੋਸ਼ਲਮ ਵਿਚ ਗਏ ਅਤੇ ਆਪਣਾ ਬੱਚਾ 'ਰੱਬ ਦੀ ਸੇਵਾ' ਲਈ ਅਰਪਣ ਕੀਤਾ, ਜਿਵੇਂ ਕਿ ਉਦੋਂ ਪਹਿਲਾਂ ਬੱਚਾ ਅਰਪਣ ਕਰਨ ਦਾ ਰਿਵਾਜ ਸੀ।

ਹੀਰੋਡ ਦੀ ਮਿਰਤੂਮਗਰੋਂ ਯੂਸਫ ਤੇ ਮੇਰੀ ਵਾਪਿਸ ਦੇਸ਼ ਪਰਤ ਆਏ ਅਤੇ 'ਨਜ਼ਰੇਥ' ਨਾਂ ਦੇ ਸ਼ਹਿਰ ਵਿਚ ਰਹਿਣ ਲੱਗੇ।

12 ਸਾਲਾਂ ਦੀ ਉਮਰ ਵਿਚ, ਬਾਲ ਯੀਸੂਨੇ ਯੂਰੋਸ਼ਲਮ ਦੇ ਮੰਦਰ ਵਿਚ ਵਿਦਵਾਨਾਂ ਨਾਲ ਧਰਮ-ਚਰਚਾ ਕੀਤੀ ਤੇ ਉਨ੍ਹਾਂ ਨੂੰ ਆਪਣੀ ਤੀਖਣ ਬੁਧੀ ਦੁਆਰਾ ਹੈਰਾਨ ਕਰ ਦਿਤਾ।

30 ਸਾਲ ਦੀ ਉਮਰ ਵਿਚ ਈਸਾ ਨੇ ਆਪਣੇ ਚਚੇਰੇ ਭਾਈ ਜੋਹਨ (ਜਾਨ) ਤੋਂ ਜਾਰਡਲ ਨਦੀ ਦੇ ਕਿਨਾਰੇ ਬਪਤਿਸਮਾ (Baptism-ਈਸਾਈਆਂ ਦਾ ਅੰਮ੍ਰਿਤ) ਲਿਆ ਨਦੀ ਤੋਂ ਬਾਹਰ ਆਉਣ ਸਮੇਂ ਆਕਾਸ਼ ਤੋਂ ਪਵਿਤਰ ਆਤਮਾ ਕਬੂਤਰ ਦੀ ਤਰ੍ਹਾਂ ਈਸਾ ਜੀ ਉਤੇ ਆਨ ਟਿਕੀ ਅਤੇ (ਬਾਈਬਲ ਅਨੁਸਾਰ) ਸਵਰਗਾ ਤੋਂ ਆਵਾਜ਼ ਆਈ, ਈਸਾ ਪਰਮਾਤਮਾ ਦਾ ਪੁਤਰ ਹੈ। ਫਿਰ ਈਸਾ ਜੀ 40 ਦਿਨ ਲਗਾਤਾਰ ਪ੍ਰਾਰਥਨਾ ਵਿਚ ਜੁੜੇ ਰਹੇ ਤੇ ਤਪਸਿਆ ਕੀਤੀ।

ਜੇਹਨ, ਜਿਸ ਤੋਂ ਈਸਾ ਨੇ ਬਪਤਿਸਮਾਂ ਲਿਆ ਸੀ, ਇਕ ਧੜਲੇਦਾਰ ਪਰਚਾਰਕ ਸੀ। ਉਹ ਗੁਨਾਹਾਂ ਤੋਂ ਤੋਬਾ ਕਰਨ, ਹਿਰਦੇ ਨੂੰ ਪਾਪ-ਰਹਿਤ ਕਰਕੇ ਪਵਿੱਤਰ ਬਣਾਉਣ ਤਿਆਗ ਦਾ ਜੀਵਨ ਬਤੀਤ ਕਰਨ ਅਤੇ ਭੌਤਿਕ (ਦੁਨਿਆਵੀ) ਖਾਹਸ਼ਾਂ ਨੂੰ ਕਾਬੂਵਿਚ ਰੱਖਣ ਦਾ ਉਪਦੇਸ਼ ਕਰਦਾ ਸੀ। ਉਹ ਇਹ ਵੀ ਕਹਿੰਦਾ ਸਾ ਕਿ ਲੋਕਾਂ ਨੂੰ ਕਿਆਮਤ ਦੇ ਦਿਨ ਲਈ ਤਿਆਰ ਰਹਿਣਾ ਚਾਹੀਦਾ ਹੈ, ਜਿਸ ਦਿਨ ਉਨ੍ਹਾਂ ਦੇ ਕੀਤੇ ਕਰਮਾਂ ਦਾ ਫ਼ੈਸਲਾ ਹੋਵੇਗਾ। ਉਹ ਸਭ ਤੋਂ ਅਹਿਮ ਗੱਲ ਇਹ ਆਖਦਾ ਸੀ ਕਿ 'ਪਰਾਣੇ ਨਿਯਮ' ਦੀ ਭਵਿਖ ਬਾਣੀ ਅਨੁਸਾਰ ਯਹੂਦੀਆਂ ਦਾ ਮੁਕਤੀ ਦਾਤਾ (ਈਸਾ ਮਸੀਹ) ਪ੍ਰਗਟ ਹੋਣ ਵਾਲਾ ਹੈ, ਅਤੇ ਜਲਦੀ ਹੀ ਦੁਨੀਆਂ ਵਿਚ ਰੱਬ ਦੀ ਪਾਤਸ਼ਾਹੀ ਸਥਾਪਤ ਹੋ ਜਾਵੇਗੀ। ਯਹੂਦੀਆਂ ਦੇ ਸਮੇਂ ਦੇ ਬਾਦਸ਼ਾਹ ਨੂੰ ਇਹ ਗੱਲ ਪਸੰਦ ਨਹੀਂ ਸੀ ਕਿ ਕੋਈ ਯਹਦੀਆਂ ਦਾ ਮੁਕਤੀ-ਦਾਤਾ ਆਵੇ ਤੇ ਰੱਬ ਦੀ ਪਾਤਸ਼ਾਹੀ ਕਾਇਮ ਕਰ ਲਵੇ ਉਸ ਨੇ ਜੌਹਨ ਨੂੰ ਕੈਦ ਕਰ ਲਿਆ। ਜੌਹਨ ਤੇ ਇਹ ਦੋਸ਼ ਲਾਇਆ ਕਿ ਉਹ ਧਰਮ-ਪ੍ਰਚਾਰ ਦੇ ਨਾਂ ਹੇਠ ਲੋਕਾਂ ਨੂੰ ਸਰਕਾਰ ਵਿਰੁਧ ਬਾਗੀ ਬਣਾ ਰਿਹਾ ਹੈ। ਮਗਰੋਂ ਉਸ ਨੂੰ ਕਤਲ ਕਰ ਦਿਤਾ ਗਿਆ।

ਜੌਹਨ ਦੇ ਕੈਦ ਹੋਣ ਮਗਰੋਂ ਬਪਤਿਸਮਾ ਦੇਣ ਦਾ ਕੰਮ ਈਸਾ ਨੇ ਖੁਦ ਆਰੰਭ ਕਰ ਦਿਤਾ। ਉਸ ਨੇ ਕਈ ਕਰਾਮਾਤਾਂ ਵਿਖਾ ਕੇ ਆਪਣੀ ਆਤਮਕ ਸ਼ਕਤੀ ਦਾ ਵਿਖਾਵਾ ਕੀਤਾ-ਜਿਵੇਂ ਕਿ ਪਾਣੀ ਨੂੰ ਸ਼ਰਾਬ ਵਿਚ ਬਦਲਣਾ, ਤੇਜ਼ ਤੂਫਾਨ ਨੂੰ ਬੰਦ ਕਰਨਾ ਅਤੇ ਰੋਗੀ ਦਾ ਚਮਤਕਾਰੀ ਇਲਾਜ ਕਰਨਾ। ਉਸ ਦੀ 'ਸੇਵਾ ਦਾ ਪਹਿਲਾ ਪੜਾ' ਉਦੋਂ ਖਤਮ ਹੋਇਆ ਜਦੋਂ ਲੋਕਾਂ ਨੇ ਮੰਨ ਲਿਆ- "ਅਸੀਂ" ਜਾਣਦੇ ਹਾਂ ਕਿ ਇਹ (ਈਸਾ) ਸਚਮਚ ਹੀ ਸੰਸਾਰ ਦਾ ਰਖਿਅਕ ਹੈ।"

ਇਕ ਵਾਰ ਈਸਾ ਦਾ ਉਪਦੇਸ਼ ਸਣਨ ਲਈ ਬਹੁਤ ਵਡੀ ਭੀੜ ਇਕੱਠੀ ਹੋ ਗਈ। ਉਹ ਪਹਾੜੀ ਉਤੇ ਚੜ੍ਹ ਗਏ। ਉਥੇ ਜੋ ਉਨ੍ਹਾਂ ਉਪਦੇਸ਼ ਦਿਤਾ ਉਸਨੂੰ 'ਟਿਲੇ ਦਾ ਉਪਦੇਸ਼ (Sermon on the Mount) ਕਿਹਾ ਜਾਂਦਾ ਹੈ। ਉਸਨੇ ਕਿਹਾ ਕਿ ਉਹ ਲੋਕ ਧਨ ਹਨ ਜੋ ਮਨ ਦੀ ਨਿਮਰਤਾ ਦੇ ਧਾਰਨੀ ਹਨ, ਸ਼ਾਂਤੀ ਦੀ ਪ੍ਰਾਪਤੀ ਦੇ ਇੱਛਕ ਹਨ,

ਧਰਮੀ ਬਣਨਾ ਚਾਹੁੰਦੇ ਹਨ, ਦਯਾਵਾਨ ਹਨ, ਜਿਨਾਂ ਦੇ ਹਿਰਦੇ ਸ਼ੁਧ ਹਨ ਅਤੇ ਜਿਹੜੇ ਧਰਮ ਦੀ ਖਾਤਰ ਦੁਖ-ਤਸੀਹੇ ਸਹਿੰਦੇ ਹਨ।

ਈਸਾ ਜੀ ਨੇ ਵਾਰ ਵਾਰ ਐਲਾਨ ਕੀਤਾ ਕਿ ਉਸ ਨੂੰ ਪ੍ਰਭੂਨੇ ਗੁਮਰਾਹ ਹੋਏ ਲੋਕਾਂ ਨੂੰ ਸਿਧੇ ਰਾਹੇ ਪਾਉਣ ਲਈ ਭੇਜਿਆ ਹੈ ਅਤੇ ਉਸਨੂੰ ਲੋਕਾਂ ਦੇ ਗੁਨਾਹ ਮੁਆਫ ਫਰਨ ਦਾ ਅਧਿਕਾਰ ਦਿਤਾ ਹੈ। ਈਸਾ ਜੀ ਨੇ ਆਪਣੇ ਸ਼ਰਧਾਲੂਆ ਵਿਚੋਂ 12 ਵਿਸ਼ੇਸ਼ ਚੇਲਿਆਂ ਨੂੰ ਚੁਣ ਲਿਆ ਅਤੇ ਉਨ੍ਹਾਂ ਨੂੰ ਆਪਣੇ (ਉਸਦੇ) ਰਸੂਲ (Apostles) ਬਣਨ ਦੀ ਸਿਖਿਆ ਦਿਤੀ ਅਥਵਾ ਤਿਆਰੀ ਕਰਵਾਈ।

ਪ੍ਰਭਾਵਸ਼ਾਲੀ ਉਪਦੇਸ਼ਾਂ, ਨਿਡਰਤਾ, ਦ੍ਰਿੜਤਾ, ਬੀਮਾਰੀ ਨੂੰ ਰਾਜੀ ਕਰਨ ਅਤੇ ਹੋਰ ਚਮਤਕਾਰ ਵਿਖਾਣ ਕਰਕੇ ਈਸਾ ਮਾਰੋ ਗਲੀਲ ਵਿਚ ਹਰਮਨ ਪਿਆਰਾ ਹੋ ਗਿਆ। ਲੋਕਾਂ ਨੇ ਉਸਨੂੰ ਰਾਜਾ ਬਣਾਉਣਾ ਚਾਹਿਆ। ਪਰ ਉਸਨੇ ਇਨਕਾਰ ਕਰ ਦਿਤਾ, ਜਿਸ ਕਰਕੇ ਬਹੁਤੇ ਸਰਧਾਲੂਨਰਾਜ਼ ਹੋ ਗਏ ਤੇ ਉਸ ਦਾ ਸਾਥ ਛਡ ਗਏ। ਇਸ ਸਮੇਂ ਉਸ ਨੇ ਆਪਣੇ 'ਬਾਰਾਂ ਰਸੂਲਾ' ਨੂੰ ਇਕੱਠਿਆ ਕੀਤਾ ਅਤੇ ਪਛਿਆ-'ਮੈਂ ਕੀ ਹਾਂ? ਉਨ੍ਹਾਂ ਵਿਚੋਂ ਪੀਟਰ ਨਾਮ ਦੇ ਰਸੂਲ ਨ ਜੁਆਬ ਦਿਤਾ-'ਤੁਸੀਂ ਮਸੀਹ ਹੋ, ਜਿਉਂਦੇ ਪ੍ਰਮਾਤਮਾ ਦਾ ਪੁਤਰ।"

ਈਸਾ ਨੇ ਆਪਣੇ ਚੇਲਿਆਂ ਨੂੰ ਆਉਣ ਵਾਲੇ ਦੁਖਾਂ, ਤਸੀਹਿਆਂ ਅਤੇ ਮੌਤ ਦੇ ਲਈ ਤਿਆਰ ਕਰਨਾ ਆਰੰਭ ਕਰ ਦਿਤਾ ਤੇ ਆਖਿਆ ਕਿ ਅੰਤਮ ਜਿੱਤ ਉਨ੍ਹਾਂ ਦੀ ਹੀ ਹੋਵੇਗੀ, ਇਸ ਲਈ ਫਿਕਰ ਨਹੀਂ ਕਰਨਾ ਚਾਹੀਦਾ।

ਈਸਾ ਜੀ ਦੇ ਪ੍ਰਚਾਰ ਕਾਰਨ ਯਹੂਦੀ ਹਾਕਮ ਉਨ੍ਹਾਂ ਦੇ ਵਿਰੋਧੀ ਬਣ ਗਏ। ਉਨ੍ਹਾਂ ਉਤੇ ਕਈ ਪ੍ਰਕਾਰ ਦੇ ਦੋਸ਼ ਲਾਏ ਗਏ। ਕੱਟੜ ਅਤੇ ਪੁਰਾਤਨ-ਪੰਥੀ ਯਹੂਦੀ ਵੀ ਵਿਰੋਧੀ ਬਣ ਗਏ।

ਫਿਰ ਈਸਾ ਜੀ ਯੁਰੋਸ਼ਲਮ ਵਿਚ ਮਸੀਹਾ ਦੇ ਤੌਰ ਤੇ ਦਾਖਲ ਹੋਏ। ਮਾਇਆ ਦੇ ਲੋਭੀ ਪੁਜਾਰੀਆਂ ਦੀ ਡਟ ਕੇ ਵਿਰੋਧਤਾ ਕੀਤੀ ਤੇ ਹਾਕਮਾਂ ਦੀ ਮੰਦ-ਭਾਵਨਾਂ ਨੂੰ ਪ੍ਰਗਟ ਕੀਤਾ। ਲੋਕਾ ਨੂੰ ਆਉਣ ਵਾਲੇ ਖਤਰਿਆਂ ਤੋਂ ਜਾਣੂ ਕਰਾਇਆ । ਉਸ ਨੇ ਆਪਣੇ ਰਸੂਲਾਂ ਦੇ ਪੈਰ ਧੋਤੇ ਤੇ ਉਨ੍ਹਾਂ ਨੂੰ ਨਿਮਰਤਾ ਦਾ ਪਾਠ ਪੜ੍ਹਾਇਆ। ਉਸ ਨੇ ਇਹ ਵੀ ਕਿਹਾ ਕਿ 'ਜੂਡਾ' ਨਾਮ ਦਾ ਰਸੂਲ ਧੋਖਾ ਦੇਵਾਗਾ। ਫਿਰ ਬ੍ਰਹਮ-ਭੋਜ (Lord's Supper) ਚਾਲੂਕੀਤਾ, ਅਤੇ ਆਪਣੇ ਸਭ ਸ਼ਰਧਾਲੂਆਂ ਲਈ ਪ੍ਰਭੂਪਾਸ ਅਰਦਾਸ ਕੀਤੀ।

ਜੂਡਾ ਨੇ ਵਿਰੋਧੀਆਂ ਦੀ ਸਕੀਮ ਵਿਚ ਸ਼ਾਮਲ ਹੋ ਕੇ, ਈਸਾ ਜੀ ਨੂੰ ਕੈਦ ਕਰਵਾ ਦਿਤਾ। ਸਰਕਾਰ ਵਲੋਂ ਉਨ੍ਹਾਂ ਉਤੇ ਦੋ ਇਲਜ਼ਾਮ ਲਗਾਏ ਗਏ-

(1) ਈਸਾ ਇਕ ਕਾਫ਼ਰ ਹੈ ਕਿਉਂਕਿ ਉਹ ਰੱਬ ਦਾ ਪੁਤਰ ਹੋਣ ਦਾ ਦਾਖਵਾ ਕਰਦਾ ਹੈ।

(2) ਈਸਾ ਰੋਮ ਸਰਕਾਰ ਦਾ ਬਾਗੀ ਹੈ ਕਿਉਂਕਿ ਉਹ 'ਨਵੀਂ ਪਾਤਸ਼ਾਹੀ' ਸਥਾਪਤ ਕਰਨ ਦਾ ਪ੍ਰਚਾਰ ਕਰਦਾ ਰਿਹਾ ਹੈ।

ਉਪਰੋਕਤ ਦੋਸ਼ ਲਗਾ ਕੇ ਈਸਾ ਨੂੰ ਮੌਤ ਦੀ ਸਜ਼ਾ ਸੁਣਾਈ ਗਈ।

ਅਧਿਕਾਰੀ ਉਨ੍ਹਾਂ ਨੂੰ ਇਕ ਹਾਲ ਵਿਚ ਲੈ ਗਏ। ਉਨ੍ਹਾਂ ਦੇ ਕਪੜੇ ਉਤਾਰ ਕੇ ਕੋਰੜੇ ਮਾਰੇ ਗਏ। ਉਨ੍ਹਾਂ ਦਾ ਮਖੌਲ ਉਤਾਉਣ ਲਈ ਉਨ੍ਹਾਂ ਦੇ ਸਿਰ ਉਤੇ ਕੰਡਿਆਂ ਦਾ ਤਾਜ਼ ਰਖਿਆ ਗਿਆ। ਫਿਰ ਉਨ੍ਹਾਂ ਨੂੰ ਸੂਲੀ (cross) ਉਤੇ ਚਾੜ ਕੇ ਫਾਂਸੀ ਦੇ ਦਿਤੀ ਗਈ, ਅਤੇ ਇਕ ਮਕਬਰੇ ਵਿਚ ਦਫਨਾ ਦਿਤਾ ਗਿਆ।

ਬਾਈਬਲ ਵਿਚ ਲਿਖੇ ਅਨੁਸਾਰ ਈਸਾ ਜੀ ਤੀਜੇ ਦਿਨ ਫਿਰ ਸੁਰਜੀਤ ਹੋ ਗਏ ਅਤੇ 40 ਦਿਨਾਂ ਤੱਕ ਆਪਣੇ ਰਸੂਲਾਂ ਨੂੰ ਦਰਸਨ ਦਿੰਦੇ ਰਹੇ ਅਤੇ ਅੰਤ ਵਿਚ ਅਸ਼ੀਰ-ਵਾਦ ਦੇ ਕੇ ਅਤੇ 'ਪਵਿਤਰ ਆਤਮਾ' ਭੇਜਣ ਦਾ ਇਕਰਾਰ ਕਰਕੇ ਸਵਰਗ ਵਿਚ ਚਲੇ ਗਏ।

ਧਾਰਮਕ ਗਰੰਥ :-

ਈਸਾਈਆਂ ਦਾ ਧਰਮ ਗਰੰਥ ਬਾਈਕਲ (ਇੰਜੀਲ) ਦੇ ਨਾਉਂ ਨਾਲ ਜਾਣਿਆ ਜਾਂਦਾ ਹੈ। ਅਸਲ ਵਿਚ ਇਹ ਯਹੂਦੀਆਂ ਤੇ ਈਸਾਈਆਂ ਦਾ ਸਾਂਝਾ ਧਰਮ-ਗਰੰਥ ਹੈ। ਇਸ ਦੇ ਦੋ ਭਾਗ ਹਨ-ਪੁਰਾਣਾ ਅਹਿਦਨਾਮਾ (ਨਿਯਮ) ਅਤੇ ਨਵਾਂ ਅਹਿਦਨਾਮਾ (Old Testament & New Testament) 'ਟੈਸਟਾਮੈਂਟ' ਤੋਂ ਭਾਵ 'ਕੋਨਵੈਂਟ' ਜਾਂ 'ਐਗਰੀਮੈਂਟ (ਸਮਝੌਤਾ) ਹੈ। ਪੁਰਾਣੇ ਅਹਿਦਨਾਮੇ (Old Testament) ਦਾ ਭਾਵ ਈਸਾਈਆਂ ਤੋਂ ਪਹਿਲਾ ਦੇ ਕਹੇ ਜਾਂਦੇ ਉਸ ਸਮਝੌਤੇ ਤੋਂ ਹੈ, ਜਿਹੜਾ ਯਹੂਦੀਆਂ ਦੇ ਰੱਬ 'ਯਾਹੋਵਾ' ਨੇ ਮਨੁੰਖਾ ਨਾਲ ਕੀਤਾ ਸੀ। ਬਾਈਬਲ ਦੇ ਇਸ ਹਿੱਸੇ ਵਿਚ ਈਸਾ ਜੀ ਦੇ ਜਨਮ ਤੋਂ ਪਹਿਲਾਂ ਦੇ ਹਾਲਾਤ ਅੰਕਤ ਹਨ ਅਤੇ ਉਨ੍ਹਾਂ ਦੇ ਜਨਮ ਬਾਰੇ ਭਵਿਖ-ਬਾਣੀ ਵੀ ਅੰਕਤ ਹੈ। ਇਸ ਭਾਗ ਵਿਚ ਕੁਲ ਮਿਲਾ ਕੇ 39 ਪੁਸਤਕਾਂ ਹਨ।

ਬਾਈਥਲ ਦੇ ਦੂਜੇ ਹਿਸੇ New Tesatment ਵਿਚ ਈਸਾ ਜੀ ਦਾ ਜੀਵਨ, ਸਿਖਿਆਵਾਂ ਅਤੇ ਉਹਨਾਂ ਦੇ ਮੁੱਢਲੇ ਚੇਲਿਆਂ (ਰਸੂਲਾਂ) ਦੇ ਅਨੁਭਵ ਅਤੇ ਵਿਚਾਰ ਦਰਜ ਹਨ। ਇਸ ਭਾਗ ਵਿਚ 27 ਪੁਸਤਕਾਂ ਹਨ। ਇਹਨਾਂ ਪੁਸਤਕਾਂ ਦੇ ਆਕਾਰ ਅਤੇ ਵੇਰਵਿਆਂ ਵਿਚ ਬਹੁਤ ਅੰਤਰ ਹੈ : ਇਨ੍ਹਾਂ ਭਿੰਨਤਾਂ ਅਤੇ ਵਿਖੇਵਿਆਂ ਵਾਲੀਆਂ ਪੁਸਤਕਾਂ ਵਿਚ ਜੋ ਕੋਈ ਗੱਲ ਸਾਂਝੀ ਹੈ, ਤਾਂ ਉਹ ਇਹ ਹੈ ਕਿ ਇਹ ਸਭ ਇਕੋ ਸਖਸ਼ੀਅਤ (ਈਸਾ ਮਸੀਹ) ਦੇ ਦੁਆਲੇ ਘੁੰਮਦੀਆਂ ਹਨ।

ਇੰਝ ਪੂਰੀ ਬਾਈਥਲ ਇਕ ਪੁਸਤਕ ਨਹੀਂ ਸਗੋਂ 66 ਪੁਸਤਕਾਂ ਦਾ ਸੰਗ੍ਰਹਿ ਹੈ, ਜਿਨ੍ਹਾਂ ਨੂੰ ਵੱਖ ਵੱਖ 40 ਲੇਖਕਾਂ ਨੇ ਲਿਖਿਆ ਹੈ। ਬਾਈਥਲ (ਸੰਪੂਰਣ ਰੂਪ ਵਿਚ) ਨੂੰ ਲਿਖੇ ਜਾਣ ਵਿਚ 1600 ਸਾਲ ਲਗ ਗਏ। ਇੰਝ ਇਹ ਧਰਮ ਪੁਸਤਕ (ਯਹੂਦੀਆਂ-ਈਸਾਈਆਂ) ਬਾਰੇ ਮਿਥਿਹਾਸਕ ਅਤੇ ਕਾਲਪਨਿਕ ਕਹਾਣੀਆਂ ਤੋਂ ਆਰੰਭ ਹੋ ਕੇ ਇਤਿਹਾਸ ਉਤੇ ਆ ਕੇ ਮੁਕਦੀ ਹੈ।

## ਈਸਾਈ ਧਰਮ ਦਾ ਸਖੇਪ ਇਤਿਹਾਸ

ਹਜ਼ਰਤ ਈਸਾ ਦੀ ਮੌਤ ਅਤੇ ਉਨ੍ਹਾਂ ਦੇ ਮੁੜ ਜਾਗ ਪੈਣ ਦੀ ਕਥਿਤ ਘਟਨਾ (Resurrection) ਤੋਂ ਛੇਤੀ ਮਗਰੋਂ 'ਪਰਮਾਤਮਾ ਦੀ ਆਤਮਾ' ਰਸੂਲਾਂ ਵਿਚ ਆ ਗਈ। ਈਸਾਈ ਇਸ ਘਟਨਾ ਨੂੰ ਹਰ ਸਾਲ 'ਪੈਂਟੋਕਾਸਟ ਦੇ

ਪੁਰਬ’ (Feast of pentocost) ਵਜੋਂ ਮਨਾਉਂਦੇ ਹਨ। ਇਸ ਘਟਨਾ ਦੇ ਮਗਰੋਂ ਰਸੂਲਾਂ ਨੇ ਪੂਰੀ ਲਗਨ ਨਾਲ ਹਜ਼ਰਤ ਈਸਾ ਅਤੇ ਉਨ੍ਹਾਂ ਦੇ ਸੰਦੇਸ਼ ਦਾ ਪ੍ਰਚਾਰ ਲੋਕਾਂ ਵਿਚ ਕਰਨਾ ਆਰੰਭ ਕਰ ਦਿਤਾ ।

ਪ੍ਰਸਿੱਧ ਰਸੂਲ ਪੀਟਰ ਦੇ ਪਹਿਲੇ ਉਪਦੇਸ਼ ਸਮੇਂ ਹੀ ਤਿੰਨ ਹਜ਼ਾਰ ਵਿਅਕਤੀ ਈਸਾਈ ਬਣ ਗਏ। ਹੌਲਾਂ ਹੌਲੀ ਯੂਰੋਸ਼ਲਮ ਵਿਚ ਈਸਾਈ ਭਾਈਚਾਰਾ ਕਾਇਮ ਹੋ ਗਿਆ। ਪਰ ਕੱਟੜ ਪੰਥੀ ਯਹੂਦੀਆਂ ਨੇ ਇਸ ਭਾਈਚਾਰੇ ਨੂੰ ਖਤਮ ਕਰਨ ਦੀ ਪੂਰੀ ਵਾਹ ਲਾਈ। ਈਸਾਈ ਭੱਜ ਕੇ ਗਲੀਲ (Galilee) ਅਤੇ ਸੀਰੀਆ ਦੇ ਉਤਰੀ ਰਾਜਾਂ ਵਿਚ ਆ ਗਏ, ਜਿਥੇ ਉਹਨਾਂ ਨਵੇਂ ਗਿਰਜਾ ਘਰ ਕਾਇਮ ਕੀਤੇ।

ਸੇਂਟ ਪਾਲ (ਪਹਿਲਾ ਨਾਮ ‘ਸਾਲ’) ਨੇ ਉਤਰੀ ਅਤੇ ਦਖਣੀ ਯੂਨਾਨ ਵਿਚ ਚਰਚ ਕਾਇਮ ਕੀਤਾ। ਉਸ ਦੇ ਈਸਾਈ ਧਰਮ ਦੇ ਪਰਚਾਰ ਸਬੰਧੀ ਲਿਖੇ ਕੁਝ ਖਤ ਮੁਢਲੇ ਈਸਾਈ ਸਹਿਤ ਦਾ ਅੰਗ ਹਨ।

ਪੀਟਰ ਯੂਰੇਸ਼ਲਮ ਤੋਂ ਰੋਮ ਚਲਾ ਗਿਆ। ਸੰਨ 65 ਈ : ਤਕ ਈਸਾਈ ਮਤ ਸੀਰੀਆ, ਏਸ਼ੀਆਂ ਮਾਈਨਰ, ਯੂਨਾਨ ਅਤੇ ਰੋਮ ਵਿਚ ਫੈਲ ਚੁਕਾ ਸੀ। ਰੋਮ ਦੇ ਬਾਦਸ਼ਾਹ ਨੀਰੋ ਨੇ ਰੋਮ ਦੇ ਸੜ ਜਾਣ ਲਈ ਈਸਾਈਆਂ ਨੂੰ ਦੋਸ਼ੀ ਠਹਿਰਾਇਆ ਸੀ। ਮਗਰੋਂ ਹੋਣ ਵਾਲੇ ਜ਼ੁਲਮ ਵਿਚ ਪੀਟਰ ਅਤੇ ਪਾਲ ਨੂੰ ਸ਼ਹੀਦ ਕਰ ਦਿਤਾ ਗਿਆ।

ਸਨ 66 ਈ : ਵਿਚ ਫਿਲਸਤੀਨ ਵਿਚ ਯਹੂਦੀਆਂ ਨੇ ਰੋਮ ਵਿਰੁਧ ਬਗਾਵਤ ਕਰ ਦਿਤੀ ਅਤੇ 7● ਈ : ਵਿਚ ਰੋਮਨਾਂ ਨੇ ਯੂਰੇਸ਼ਲਮ ਤਬਾਹ ਕਰ ਦਿਤਾ ਅਤੇ ਮੰਦਰ ਢਾਹ ਦਿਤਾ। ਮੁਸੀਬਤ ਸਮੇਂ ਈਸਾਈ ਭਾਈਚਾਰਾ ਹੋਰ ਮਜ਼ਬੂਤ ਹੋਇਆ। ਵੱਡੇ ਵੱਡੇ ਈਸਾਈ ਇਕੱਠ ਹੋਂਦ ਵਿਚ ਆਏ, ਜਿਨ੍ਹਾਂ ਦਾ ਨਾਮ ‘ਚਰਚ’ ਪੈ ਗਿਆ। ‘ਚਰਚ’ ਸ਼ਬਦ ਦਾ ਨਿਕਾਸ ਯੂਨਾਨੀ ਸ਼ਬਦ ਕੁਰੀਆਕੋਨ (Kuriakon) ਤੋਂ ਹੋਇਆ ਹੈ, ਜਿਸ ਦਾ ਭਾਵ ਹੈ ਪਰਮਾਤਮਾ ਨਾਲ ਸਬੰਧਤ ਕੋਈ ਵਸਤੂ ਜਾਂ ਥਾਂ।

ਆਰੰਭ ਵਿਚ ਹੀ ਈਸਾਈ ਧਰਮ ਬੜੀ ਤੇਜ਼ੀ ਨਾਲ ਫੈਲਿਆ। ਰੋਮਨ ਸਲਤਨਤ ਦੇ ਸ਼ਹਿਰਾ ਵਿਚ ਵਸਦੇ ਯਹੂਦੀਆਂ ਨੇ ਭਾਰੀ ਗਿਣਤੀ ਵਿਚ ਇਸ ਨੂੰ ਅਪਣਾਇਆ ਉਦੋਂ ਲੋਕਾ ਨੂੰ ਰਾਜੇ ਦੀ ਪੂਜਾ ਕਰਨੀ ਪੈਂਦੀ ਸੀ, ਪਰ ਯਹੂਦੀਆਂ ਨੂੰ ਇਸ ਤੋਂ ਛੋਟ ਸੀ, ਕਿਉਂਕਿ ਉਹਨਾਂ ਦਾ ਧਰਮ ‘ਰਾਜ-ਧਰਮ’ ਸੀ। ਈਸਾਈਆਂ ਨੇ ਰਾਜੇ ਦੀ ਪੂਜਾ ਤੋਂ ਇਨਕਾਰ ਕੀਤਾ, ਇਸ ਕਰਕੇ ਬਾਦਸ਼ਾਹ ਨੇ ਉਨ੍ਹਾਂ ਉਤੇ ਜ਼ੁਲਮ ਕੀਤੇ। ਪਰ ਇਹ ਧਰਮ ਵਧਦਾ ਰਿਹਾ। 25● ਈ: ਵਿਚ ਰੋਮ ਦੀ ਸਰਕਾਰ ਨੇ ਈਸਾਈ ਧਰਮ ਨੂੰ ਖਤਮ ਕਰਨ ਲਈ ਜ਼ੋਰਦਾਰ ਕਦਮ ਚੁਕੇ। ਪਰ ਅੰਤ ਵਿਚ ਈਸਾਈਆਂ ਦੀ ਜਿੱਤ ਹੋਈ ਅਤੇ ਚੌਥੀ ਸਦੀ ਦੇ ਪਹਿਲੇ ਅੱਧ ਵਿਚ ਈਸਾਈ ਧਰਮ ਨੂੰ ਰੋਮਨ ਸਾਮਾਜ ਵਿਚ ਸਰਕਾਰੀ ਧਰਮ ਵਜੋਂ ਮਾਨਤਾ ਮਿਲ ਗਈ।

ਸੰਨ 476 ਈ: ਵਿਚ ਰੋਮਨ ਸਾਮਰਾਜ ਦੇ ਖਾਤਮੇ ਮਗਰੋਂ ਤਾਂ ਈਸਾਈ ਪਾਦਰੀਆਂ ਅਤੇ ਭਿਕਸ਼ੂਆਂ ਵਿਚੋਂ ਹੀ ਰਾਜ-ਪ੍ਰਬੰਧ ਚਲਾਉਣ ਲਈ ਕੌਂਸਿਲਰ ਚੁਣੇ ਗਏ।

5ਵੀਂ ਸਦੀ ਵਿਚ ਈਸਾਈ ਧਰਮ ਫਰਾਸ ਵਿਚ ਫੈਲ ਗਿਆ। ਛੇਵੀਂ ਸਦੀ ਵਿਚ ਸਪੇਨ ਦੇ ਗੋਥ ਲੋਕਾਂ ਨੇ ਚਰਚ ਨੂੰ ਆਪਣਾ ਲਿਆ।

ਰੋਮ ਦੇ ਬਿਸ਼ਪ, ਜਿਸ ਨੂੰ ਪੋਪ ਕਿਹਾ ਜਾਂਦਾ ਹੈ, ਦੇ ਪਰਚਾਰਕ-ਯਤਨਾਂ ਸਦਕਾ ਇਹ ਧਰਮ ਫੈਲਦਾ ਰਿਹਾ। ਸੰਨ 1050 ਤੋਂ 1500 ਈ : ਤਕ ਈਸਾਈ ਚਰਚ ਪੱਕੇ ਪੈਰਾਂ ਤੇ ਖਲੋ ਗਿਆ। ਇਸ ਸਮੇਂ ਯੂਰਪ ਕੇਵਲ ਇਕ ਧਾਰਮਕ ਸੰਗਠਨ ਦੇ ਅਧੀਨ ਇਹ ਹੀ ਸਭਿਆਚਾਰਕ ਇਕਾਈ (ਯੂਨਿਟ) ਸੀ, ਜਿਸ ਦਾ ਮੁਖੀ ਪੋਪ ਸੀ।

1054 ਈ: ਵਿਚ ਚਰਚ ਦੀ ਵੰਡ ਹੋ ਗਈ। ਪੱਛਮੀ ਚਰਚ ਦਾ ਨਾਂ ਰੋਮਨ ਕੈਥੋਲਿਕ ਅਤੇ ਪੂਰਬੀ ਚਰਚ ਦਾ ਨਾਂ 'ਗਰੀਕ ਆਰਥੋਡੈਕਸ' ਚਰਚ ਪੈ ਗਿਆ।

ਜਰਮਨੀ ਦੇ ਮਾਰਟਿਨ ਲੂਥਰ (1483-1546) ਨੇ ਈਸਾਈ ਪਾਦਰੀਆਂ ਦੇ ਸਵੈ-ਇੱਛਾ ਨਾਲ ਰਾਜ ਕਰਨ ਦੇ ਅਧਿਕਾਰ ਨੂੰ ਅਤੇ ਚਰਚ ਵਲੋਂ ਬਣਾਏ ਗਏ ਸੰਵਿਧਾਨ ਨੂੰ ਰੱਦ ਕਰ ਦਿਤਾ। ਉਸ ਨੇ ਕਿਹਾ ਕਿ ਧਰਮ-ਗਰੰਥਾਂ ਨੂੰ ਹੀ ਵਿਸ਼ਵਾਸ ਦਾ ਇਕੋ ਇਕ ਆਧਾਰ ਮੰਨਿਆ ਜਾਵੇ। 1555 ਵਿਚ ਜਰਮਨੀ ਨੂੰ ਲੂਥਰਨ ਅਤੇ ਕੈਥੋਲਿਕ ਰਾਜਾਂ ਵਿਚ ਵੰਡ ਦਿਤਾ ਗਿਆ। ਲੂਥਰ ਦੇ ਇਨਕਲਾਬੀ ਵਿਚਾਰ ਸਵੀਡਨ, ਡੈਨਮਾਰਕ, ਨਾਰਵੇ ਆਦਿ ਵਿਚ ਫੈਲ ਗਏ। ਇਸ ਤੋਂ ਪਹਿਲਾਂ 1529 ਈ: ਵਿਚ ਇਕ ਇਕੱਠ ਵਿਚ ਲੂਥਰ ਵਿਰੁਧ ਕਾਰਵਾਈ ਕਰਨ ਬਾਰੇ ਸਰਕਾਰੀ ਹਾਕਮਾਂ ਨੇ ਫੈਸਲਾਂ ਕੀਤਾ ਸੀ। ਪਰ ਕੁਝਕੁ ਹਾਕਮਾਂ ਨੇ ਇਸ ਦਾ ਵਿਰੋਧ (Protest) ਕੀਤਾ ਸੀ। ਇੰਝ ਇਸ ਪ੍ਰੋਟੈਸਟ ਤੋਂ 'ਪ੍ਰੋਟੈਸਟੈਂਟ ਸ਼ਬਦ ਦੀ ਵਰਤੋਂ ਸ਼ੁਰੂਹੋਈ। ਫੁਟ ਵਧਣ ਕਰਕੇ ਚਰਚ ਵਿਚ ਜੰਗ-ਯੁਧ ਵੀ ਹੁੰਦੇ ਰਹੇ। ਇਹਨਾਂ 'ਯੁਧਾਂ' (1550-1650 ਈ:) ਨੂੰ 'ਧਰਮ ਯੁਧਾਂ' ਦਾ ਨਾਮ ਦਿਤਾ ਗਿਆ।

ਫਰਾਂਸ ਦੀ ਕਰਾਂਤੀ (1780-1815) ਸਮੇਂ ਹਿੰਸਕ ਕਾਰਵਾਈਆਂ ਰਾਹੀਂ ਫਰਾਂਸ ਨੂੰ ਈਸਾਈ ਧਰਮ ਦੇ ਗਲਬੇ ਤੋਂ ਛੁਟਕਾਰਾ ਦੁਆਣ ਲਈ ਯਤਨ ਕੀਤੇ ਗਏ। ਪੋਪ ਪਾਇਸ VI ਨੂੰ ਫ਼ੜ ਕੇ ਦਖਣੀ ਫਰਾਂਸ ਵਿਚ ਕੈਦ ਕਰ ਦਿਤਾ ਗਿਆ, ਜਿਥੇ ਉਸ ਦੀ ਮਿਰਤੁ ਹੋ ਗਈ। ਪਰ ਜਦੋਂ ਕ੍ਰਾਂਤੀ ਦੀ ਵਾਗਡੋਰ ਨੈਪੋਲੀਅਨ ਦੇ ਹਥ ਆਈ ਤਾਂ ਉਸ ਨੇ (1810 ਈ) ਪੋਪ ਨਾਲ ਸਮਝੋਤਾਂ ਕਰ ਲਿਆ ਅਤੇ ਈਸਾਈ ਧਰਮ ਨੂੰ ਰਾਜ ਦੀਆਂ ਨੀਤੀਆਂ ਲਾਗੂਕਰਨ ਲਈ ਵਰਤਿਆ। ਨੈਪੋਲੀਅਨ ਦੇ ਸਾਮਰਾਜ ਦੇ ਖਾਤਮੇ ਮਗਰੋਂ ਪੋਪ ਰੋਮ ਪਰਤ ਆਇਆ ਤੇ ਉਸ ਦਾ ਅਧਿਕਾਰ ਪਹਿਲਾਂ ਵਾਂਗ ਖਤਮ ਹੋ ਗਿਆ।

1789 ਈ : ਤੋਂ ਈਸਾਈ ਮਿਸ਼ਨਰੀਆਂ ਦੇ ਵੱਖ ਵੱਖ ਦੇਸਾਂ ਵਿਚ ਜਾ ਕੇ ਵਸਣ ਨਾਲ ਈਸਾਈ ਧਰਮ ਸਾਰੇ ਸੰਸਾਰ ਵਿਚ ਫੈਲ ਗਿਆ। ਅਮਰੀਕਾ, ਕੈਨੇਡਾ, ਆਸਟ੍ਰੇਲੀਆਂ ਮਿਊਜੀਲੈਂਡ ਅਤੇ ਲਾਤੀਨੀ ਅਮਰੀਕਾ ਵਿਚ ਚਰਚ ਦੀ ਸਥਾਪਨਾ ਇਨ੍ਹਾਂ ਮਿਸ਼ਨਰੀਆਂ ਦੇ ਯਤਨਾਂ ਸਦਕਾ ਹੀ ਹੋ ਸਕੀ। ਮਿਸ਼ਨਰੀਆਂ ਨੇ ਇਹ ਧਰਮ ਅਫਰੀਕਾ ਅਤੇ ਏਸ਼ੀਆਂ ਵਿਚ ਵੀ ਪਹੁੰਚਾਇਆ। ਸਿਲਸਿਲੇ-ਬੱਧ ਯੋਜਨਾਂ ਦੇ ਅਧੀਨ ਇਸ ਧਰਮ ਦਾ ਪਰਚਾਰ ਕੀਤਾ ਗਿਆ। ਧਰਮ-ਪ੍ਰਚਾਰਕਾਂ ਨੂੰ ਟਰੇਨਿੰਗ ਦੇ ਕੇ ਧਰਮ-ਵਿਚ ਜੁਟਾ ਦਿਤਾ ਗਿਆ। ਇਸ ਸਭ ਯਤਨਾਂ ਦੇ ਅਸਰ ਕਰਕੇ ਅੱਜ ਦੁਨੀਆਂ ਦਾ ਇਕ ਤਿਹਾਈ ਭਾਗ ਇਸ ਧਰਮ ਦਾ ਸ਼ਰਧਾਲੂਹੈ ਅਤੇ ਈਸਾਈਆਂ ਦੀ ਗਿਣਤੀ ਇਕ ਅਰਬ ਦੇ ਕਰੀਬ ਹੈ।

ਈਸਾਈ ਧਰਮ ਦੇ ਸਿਧਾਂਤ ਅਤੇ ਉਹਨਾਂ ਦੀ ਗੁਰਮਤਿ ਨਾਲ ਤੁਲਨਾ

(1) ਰੱਬ-ਰੱਬ ਬਾਰੇ ਈਸਾਈ ਮੱਤ ਦੇ ਵਿਚਾਰ ਕੁਝ ਇਸ ਤਰ੍ਹਾਂ ਦੇ ਹਨ :-

(ੳ) ਰੱਬ ਇਕੋ ਹੀ ਹੈ, ਨਿਰਾਕਾਰ ਹੈ, ਸਰਬ ਵਿਆਪੀ ਹੈ, ਮਨੁੱਖੀ ਅਨੁਭਵ ਅਤੇ ਸੂਝ ਤੋਂ ਪਰੇ ਹੈ। ਸਭ ਚੰਗਿਆਈਆਂ ਦਾ ਮਾਲਕ ਹੈ। ਸਭ ਦਾ ਪਿਤਾ ਹੈ, ਸਭ ਨੂੰ ਪਿਆਰਦਾ ਹੈ।

(ਅ) ਰੱਬ ਸ੍ਰਿਸ਼ਟੀ (ਆਪਣੀ ਰਚਨਾ, ਕੁਦਰਤ, ਜੀਵਾਂ-ਮਨੁਖਾਂ) ਤੋਂ ਵੱਖ ਰਹਿੰਦਾ ਹੈ। ਦੂਰ ਅਸਮਾਨਾਂ ਵਿਚ ਵਸਦਾ ਹੈ। ਸ੍ਰਿਸ਼ਟੀ ਦੀ ਰਚਨਾ ਤੋਂ ਪਹਿਲਾਂ ਆਦਿ ਵਿਚ ਰੱਬ ਹੀ ਸੀ ਤੇ ਹਮੇਸ਼ਾਂ ਲਈ ਰਹੇਗਾ।

ਜੋ ਮਹਾਨ ਅਤੇ ਉਤਮ ਅਤੇ ਸਦਾ ਸਥਿਰ ਰਹਿੰਦਾ ਹੈ, ਅਤੇ ਜਿਸਦਾ ਨਾਮ ਪਵਿਤਰ ਈਸ਼ਵਰ ਹੈ, ਉਹ ਇੰਝ ਕਹਿੰਦਾ ਹੈ। ਮੈਂ ਉੱਚੇ ਅਤੇ ਪਵਿਤਰ ਅਸਥਾਨ ਉਤੇ ਨਿਵਾਸ ਕਰਦਾ ਹਾਂ, ਅਤੇ ਉਸਦੇ ਨਾਲ ਵੀ ਰਹਿੰਦਾ ਹਾਂ, ਜੋ ਦੁਖੀ ਅਤੇ ਨਿਰਧਨ ਹੈ।

(ੲ) ਵਿਅਕਤੀਗਤ (personal God) ਪਰਮਾਤਮਾ ਰੱਬ ਦਾ ਇਕ ਰੂਪ, ਵਿਅਕਤੀਗਤ ਰੱਬ ਹੋਣਾ ਵੀ ਹੈ। ਇਸ 'ਰੱਬ' ਵਿਚ ਚੇਤਨਤਾ, ਬੁੱਧੀ, ਤੇ ਸਵੈ-ਇੱਛਾ ਦੇ ਗੁਣ ਹਨ।

ਜਿਥੋਂ ਤਕ ਗੁਰਮਤਿ ਦਾ ਸੰਬੰਧ ਹੈ, ਉਪਰਕਤ ਪੈਰਾ। (ੳ) ਵਿਚ ਦਰਸਾਏ ਈਸਾਈ ਵਿਸਵਾਸ਼ਾਂ ਨਾਲ ਗੁਰਮਤ ਕਾਫੀ ਮੇਲ ਖਾਂਦੀ ਹੈ, ਪਰ ਪੈਰਾ (ਅ) ਵਿਚਲੇ ਵਿਚਾਰਾਂ ਬਾਰੇ ਗੁਰਮਤਿ ਦਾ ਸਪੋਸ਼ਟ ਫੈਸਲਾ ਹੈ ਕਿ ਰੱਬ ਕਿਧਰੇ ਆਸਮਾਨਾਂ ਉਤੇ ਨਹੀਂ ਬਿਰਾਜਿਆ ਹੈ ਅਤੇ ਨਾ ਹੀ ਉਹ ਸ੍ਰਿਸ਼ਟੀ ਤੋਂ ਵਖ ਹੈ। ਸਗੋਂ ਰੱਬ ਤਾਂ ਸਾਰੀ ਸ੍ਰਿਸਟੀ ਵਿਚ ਇਉਂ ਰਮਿਆ ਹੋਇਆ ਹੈ ਜਿਵੇਂ ਦੁੱਧ ਵਿਚ ਘਿਉ ਮਿਲਿਆ ਹੁੰਦਾ ਹੈ। ਸਭ ਮਨੁੰਖਾਂ ਜੀਵਾਂ-ਜੰਤੂਆਂ ਵਿਚ ਪ੍ਰਭੂਦੀ ਜੋਤਿ (ਸ਼ਕਤੀ) ਸਮਾਈ ਹੋਈ ਹੈ, ਜਿਸ ਆਸਰੇ ਉਹ ਤੁਰਦੇ, ਫਿਰਦੇ, ਸੋਚਦੇ ਤੇ ਕੰਮ ਕਾਰ ਕਰਦੇ ਹਨ। ਗੁਰਬਾਣੀ ਦੇ ਫੈਸਲੇ ਹਨ :

**- ਸਗਲ ਬਨਸਪਤਿ ਮਹਿ ਬੈਸੰਤਰੁ, ਸਗਲ ਦੂਧ ਮਹਿ ਘੀਆ ॥**

**ਊਚ ਨੀਚ ਮਹਿ ਜੋਤਿ ਸਮਾਣੀ, ਘਟ ਘਟਿ ਮਾਧਉ ਜੀਆ ॥** (ਸੋਰਠਿ ਮ: 5, ਪੰਨਾ 617)

ਯਥਾ

**- ਸਭ ਮਹਿ ਜੋਤਿ, ਜਤਿ ਹੈ ਸੋਇ ॥**

**ਤਿਸਕੈ ਚਾਨਣਿ, ਸਭ ਮਹਿ ਚਾਨਣੁ ਹੋਇ ॥** (ਧਨਾਸਰੀ ਮ: 1, ਪੰਨਾ 633)

ਯਥਾ

**- ਬਲਿਹਾਰੀ ਕੁਦਰਤਿ ਵਸਿਆ ॥ ਤੇਰਾ ਅੰਤੁ ਨ ਜਾਈ ਲਖਿਆ ॥ 1 ॥ ਰਹਾਉ ॥**

**ਜਾਤਿ ਮਹਿ ਜੋਤਿ, ਜੋਤਿ ਮਹਿ ਜਾਤਾ, ਅਕਲ ਕਲਾ ਭਰਪੂਰਿ ਰਹਿਆ ॥**

(ਵਾਰ ਆਸਾ ਮ: 1, ਪੰਨਾ 469)

ਰੱਬ ਦੀ ਸਦੀਵੀ-ਹੋਂਦ ਦਾ ਈਸਾਈ ਖਿਆਲ ਗੁਰਮਤਿ ਨਾਲ ਮੇਲ ਖਾਂਦਾ ਹੈ।

ਗੁਰਮਤਿ ਕਿਸੇ ਵਖਰੇ 'ਵਿਅਕਤੀ ਗਤ ਰੱਬ' ਵਿਚ ਵਿਸ਼ਵਾਸ ਨਹੀਂ ਰਖਦੀ। ਗੁਰਮਤਿ ਦਾ ਕੇਵਲ ਇਕੋ ਰੱਬ ਵਿਚ ਯਕੀਨ ਰਖਦੀ ਹੈ, ਜੋ ਸਰਬ-ਗੁਣ ਸੰਪੰਨ ਅਤੇ ਸਭ ਸ਼ਕਤੀਆਂ ਦਾ ਮਾਲਕ ਹੈ।

## (2) ਪਾਪ ਦਾ ਪਰਵੇਸ਼ (Sin Enters)

ਬਾਈਬਲ ਦੀ ਪੁਸਤਕ 'ਉਤਪਤੀ ਸਿਧਾਂਤ' (The book of Genesis of the Bible) ਵਿਚ ਇਸ ਗੱਲ ਦਾ ਜ਼ਿਕਰ ਹੈ ਕਿ ਮਨੁੱਖ ਬਾਬਾ ਆਦਮ ਤੇ ਹਵਾ (Adam and Eve) ਦਾ ਸੰਤਾਨ ਹੈ, ਜਿਨ੍ਹਾਂ ਨੇ ਪ੍ਰਭੂ ਦੀ ਹੁਕਮ-ਅਦੂਲੀ ਕੀਤੀ ਤੇ ਪਾਪ ਦੇ ਭਾਗੀ ਬਣੇ। ਉਨਾਂ ਦੀ ਸੰਤਾਨ ਵੀ ਪਾਪੀ ਹੈ।

ਲਿਖਿਆ ਹੈ ਕਿ ਆਦਮ ਅਤੇ ਹਵਾ ਨੂੰ ਸਿਰਜਣ ਅਤੇ ਉਨ੍ਹਾਂ ਨੂੰ ਸਵਰਗ ਵਿਚ ਛੱਡਣ ਮਗਰੋਂ ਪਰਮਾਤਮਾ ਨੇ ਉਹਨਾਂ ਨੂੰ ਦਿਤੀ ਗਈ ਆਜ਼ਾਦੀ ਦੀ ਪਰੀਖਿਆ ਲਈ। ਆਦਮ ਅਤੇ ਹਵਾ ਇਸ ਪਰੀਖਿਆ ਵਿਚ ਫੇਲ੍ਹ ਹੋ ਗਏ, ਕਿਉਂਕਿ ਸ਼ੈਤਾਨ ਦੇ ਵਰਗ-ਲਾਉਣ ਉਤੇ ਹਵਾ ਨੇ ਆਦਮ ਨੂੰ ਉਕਸਾਇਆ, ਜਿਸਨੇ ਪ੍ਰਭੂਦੀ ਹੁਕਮ-ਅਦੂਲੀ ਕਰਕੇ ਬਿਵਰਜਤ ਫਲ ਕਣਕ ਦਾ ਦਾਣਾ) ਖਾ ਲਿਆ। ਇੰਝ ਆਦਮ ਤੇ ਹਵਾ ਪਾਪ ਦੇ ਭਾਗੀ ਬਣ ਗਏ, ਜਿਸ ਕਰਕੇ ਆਰੰਭ ਤੋਂ ਮਨੁਖ-ਜਾਤੀ ਭ੍ਰਿਸ਼ਟੀ ਗਈ। ਇੰਝ ਸੰਸਾਰ ਵਿਚ ਪਾਪ ਦਾ ਪਰਵੇਸ਼ ਹੋਇਆ।

"ਇਕ ਮਨੁੱਖ ਆਦਮ ਦੇ ਰਾਹੀਂ ਪਾਪ ਨੇ ਜਗਤ ਵਿਚ ਪ੍ਰਵੇਸ਼ ਕੀਤਾ। ਪਾਪ ਦੇ ਕਾਰਣ ਮੌਤ ਆਈ, ਅਤੇ ਇਸ ਲਈ ਸਭ ਨੇ ਪਾਪ ਕੀਤਾ ਹੈ, ਮੌਤ ਸਭ ਮਨੁੱਖਾਂ ਵਿਚ ਫੈਲ ਗਈ। (ਰੋਮਿਉਂ-5:12)

**"ਕੋਈ ਵੀ ਧਰਮੀ ਨਹੀਂ, ਇਕ ਵੀ ਨਹੀਂ।** (ਰੋਮਿਉਂ-1:10)

**"ਕਿਉਂਕਿ ਸਭ ਨੇ ਪਾਪ ਕੀਤਾ ਹੈ ਅਤੇ ਪਰਮੇਸ਼ਵਰ ਦੀ ਮਹਿਮਾ ਤੋਂ ਵੰਚਿਤ ਹਨ।"** (ਰੋਹਿਉਂ 3:23)

ਪਰਮਾਤਮਾ ਨੇ ਮਨੁੱਖ ਲਈ ਜਿਹੜੀ ਸ਼ਾਨਦਾਰ ਯੋਜਨਾ ਬਣਾਈ ਸੀ, ਉਹ ਪਾਪ ਕਰਨ ਅਤੇ ਮਨੁਖ ਦੇ ਆਪਣੇ ਅਸਲੀ ਟੀਚੇ ਨੂੰ ਭੁਲ ਜਾਣ ਕਾਰਨ ਤਬਾਹ ਹੋ ਗਈ। ਇੰਝ ਮੱਨੁਖ ਉਸ ਸਦੀਵੀ ਅਨੰਦ ਤੋਂ ਵੰਚਿਤ ਹੋ ਗਿਆ, ਜੋ ਪਰਮਾਤਮਾ ਨੇ ਉਸਨੂੰ ਦੇਣਾ ਚਾਹੁਦਾ ਸੀ।

ਗੁਰਮਤਿ ਆਦਮ ਅਤੇ ਹਵਾ ਦੀ ਹੋਂਦ ਨੂੰ ਹੀ ਨਹੀਂ ਮੰਨਦੀ। ਇਸ ਲਈ ਉਨ੍ਹਾਂ ਦੁਆਰਾ ਕੀਤੇ ਪਾਪ ਨਾਲ ਸਾਰੀ ਸ੍ਰਿਸ਼ਟੀ ਦੇ ਭ੍ਰਿਸ਼ਟੇ ਜਾਣ ਦੇ ਖਿਆਲ ਨੂੰ ਵੀ ਨਹੀਂ ਮੰਨਦੀ। ਗੁਰਮਤਿ ਇਹ ਵੀ ਨਹੀਂ ਮੰਨਦੀ ਕਿ ਕਿਸੇ ਇਕ ਦੇ ਕੀਤੇ ਪਾਪ ਦਾ ਫਲ ਹੋਰਨਾਂ ਨੂੰ ਭੁਗਤਣਾ ਪਵੇਗਾ। ਗੁਰਮਤਿ ਦਾ ਅੱਟਲ ਵਿਸ਼ਵਾਸ ਹੈ, ਸਭ ਨੂੰ ਆਪਣੇ ਕੀਤੇ ਕੰਮਾਂ ਦਾ ਫਲ ਅਵੱਸ਼ ਮਿਲੇਗਾ।

**"ਅਹਿਕਰ ਕਰੇ ਸੁ ਅਹਿਕਰੁ ਪਏ, ਇਕ ਘੜੀ ਮੁਹਤੁ ਨ ਨਾਗੈ ॥** (ਵਾਰ ਮਾਰੂ, ਮ: 5, ਪੰਨਾ 1091)

## (3) ਈਸਾ ਦਾ ਸੰਸਾਰ ਵਿਚ ਆਉਣਾ :

ਸ੍ਰਿਸ਼ਟੀ ਰਚਨਾ ਮਗਰੋਂ ਸਦੀਆਂ ਬੀਤ ਗਈਆਂ। ਪਰਮਾਤਮਾ ਆਪਣੇ ਲੋਕਾਂ (ਯਹੂਦੀਆਂ) ਨਾਲ ਪਿਆਰ ਕਰਦਾ ਰਿਹਾ, ਜਦੋਂ ਨਿਸਚਿਤ ਘੜੀ ਆਈ ਤਾਂ ਪਰਮਾਤਮਾ ਦਾ "ਜਿੰਦਾ ਕਲਾਮ" ਸ਼ਬਦ "ਜਿੰਦਾ ਪੁਰਸ਼" ਬਣ ਗਿਆ–ਈਸਾ ਦਾ ਜਨਮ ਹੋਇਆ ਇਸਨੂੰ ਅਵਤਾਰਵਾਦ ਦੀ ਲੀਲਾ ਕਹਿੰਦੇ ਹਨ। ਇਸ ਤਰ੍ਹਾਂ ਪਰਮਾਤਮਾ ਦਾ ਉਹ ਵਚਨ ਪੂਰਾ ਹੋ ਗਿਆ ਜੋ ਉਸ ਨੇ ਯਹੂਦੀਆਂ ਦੇ ਵੱਡੇ–ਵਡੇਰੇ, ਇਬਰਾਹੀਮ ਤੇ ਉਸਦੀ ਸੰਤਾਨ ਨੂੰ ਦਿਤਾ ਸੀ ਕਿ ਉਹ ਈਸਾ ਨੂੰ ਭੇਜੇਗਾ, ਜਿਹੜਾ ਮਨੁੱਖਾਂ ਨੂੰ ਉਸ (ਪਰਮਾਤਮਾ) ਤੱਕ ਪਹੁੰਚਣ ਦੇ ਯੋਗ ਬਣਾਵੇਗਾ, ਉਹਨਾਂ ਦੇ ਪਾਪ ਆਪਣੇ ਉਤੇ ਲਵੇਗਾ ਅਤੇ ਉਨ੍ਹਾਂ ਦੀ ਮੁਕਤੀ ਲਈ ਆਪਣੀ ਕੁਰਬਾਨੀ ਦੇਵੇਗਾ। ਈਸਾ ਪਰਮਾਤਮਾ ਦਾ ਪੁੱਤਰ ਕਹਾਇਆ।

ਪਰਮਾਤਮਾ ਖੁਦ ਈਸਾ ਮਸੀਹ ਦੇ ਰੂਪ ਵਿਚ ਮੱਨੁਖਤਾ ਨੂੰ ਆ ਕੇ ਮਿਲਿਆ– ਕੁਆਰੀ ਇਸਤਰੀ ਤੋਂ ਪੈਦਾ ਹੋਇਆ। ਮੱਨੁਖ ਜਾਤੀ ਲਈ ਕਸ਼ਟ ਸਹਾਰੇ। ਮੌਤ ਮਗਰੋਂ ਤੀਜੇ ਦਿਨ ਸੁਰਜੀਤ ਹੋਇਆ ਤੇ ਚਾਲੀ ਦਿਨ ਆਪਣੇ ਚੇਲਿਆ ਨੂੰ ਦਰਸ਼ਨ ਦੇਣ ਦੇ ਮਗਰੋਂ ਸਵਰਗਾਂ ਵਿਚ ਚਲੇ ਗਿਆ। ਪੁਨਰ–ਸੁਰਜੀਤ ਹੋ ਕੇ ਉਸਨੇ ਮਨੁੱਖਾਂ ਨੂੰ ਅਜਿਹੀ ਸ਼ਕਤੀ ਪਰਦਾਨ ਕੀਤੀ, ਜਿਸ ਰਾਹੀਂ ਉਹ ਸਦੀਵੀ ਅਨੰਦ ਦੀ ਪ੍ਰਾਪਤੀ ਕਰਨ। ਹੁਣ ਈਸਾ ਪਰਮਾਤਮਾ ਦੇ ਸੱਜੇ ਪਾਸੇ ਬੈਠਾ ਹਕੂਮਤ ਕਰ ਰਿਹਾ ਹੈ। ਉਹ ਇਕ ਦਿਨ ਫਿਰ ਸੰਸਾਰ ਵਿਚ ਆਵੇਗਾ ਅਤੇ ਚੁਣੇ ਹੋਏ ਵਿਅਕਤੀਆਂ ਨੂੰ ਸੰਸਾਰ ਵਿਚੋਂ ਲੈ ਜਾਵੇਗਾ।

ਈਸਾ ਜੀ ਬਾਰੇ ਉਪਰੋਕਤ ਇਸਾਈ ਵਿਸ਼ਵਾਸਾਂ ਬਾਰੇ, ਬਾਈਬਲ ਵਿਚੋਂ, ਹੇਠ ਲਿਖੇ ਹਵਾਲੇ ਦਿਤੇ ਜਾਂਦੇ ਹਨ :–

–'ਪਰਮੇਸ਼ਰ ਨੇ ਸੰਸਾਰ ਨਾਲ ਅਜਿਹਾ ਪਿਆਰ ਰਖਿਆ ਕਿ ਉਸ ਨੇ ਆਪਣਾ ਇਕਲੌਤਾ ਪੁੱਤਰ (ਸੰਸਾਰ ਨੂੰ) ਦੇ ਦਿਤਾ, ਤਾਂਕਿ ਜਿਹੜਾ ਵੀ ਉਸ ਉਤੇ ਵਿਸ਼ਵਾਸ਼ ਰਖੇ, ਉਹ ਨਾਸ਼ ਨਾ ਹੋਵੇ, ਸਗੋਂ ਅਨੰਤ ਜੀਵਨ ਪ੍ਰਾਪਤ ਕਰੇ। (ਯੂਹਨਾ 3: 16)

–'ਪਰਮੇਸ਼ਰ ਨੂੰ ਕਿਸੇ ਨੇ ਵੀ ਨਹੀਂ ਦਖਿਆ । ਇਕਲੌਤਾ ਪੁੱਤਰ, ਜੋ ਪਿਤਾ ਦੀ ਗੋਦ ਵਿਚ ਹੈ, ਉਸਨੇ ਹੀ ਉਸਨੂੰ (ਪਰਮੇਸ਼ਰ ਨੂੰ) ਪ੍ਰਗਟ ਕੀਤਾ।' (ਯੂਹਨਾ–1:18)

–'ਮੈਂ ਫਿਰ ਆ ਕੇ ਤੁਹਾਨੂੰ ਆਪਣੇ ਕੋਲ ਲੈ ਜਾਵਾਂਗਾ। (ਯੂਹਨਾ 14:3)

–'ਜਿਸ ਤਰ੍ਹਾਂ ਤੁਸੀਂ ਉਸ ਨੂੰ ਸਵੱਰਗ ਵਲ ਜਾਂਦ ਵੇਖਿਆ ਹੈ, ਉਹ ਉਵੇਂ ਹੀ ਫਿਰ ਆਵੇਗਾ। (ਪ੍ਰੇਰਿਤੋਂ ਦੇ ਕੰਮ– 1: 11)

ਈਸਾ ਮਸੀਹ ਦੀ ਸੰਪੂਰਨ ਲੀਲਾ ਉਤੇ ਵਿਸ਼ਵਾਸ ਰੱਖਣਾ ਈਸਾਈਆਂ ਦਾ ਮੁੱਖ ਕਰਤੱਵ ਹੈ। ਬਾਈਬਲ ਵਿਚ ਅੰਕਤ ਕੀਤਾ ਗਿਆ ਹੈ ਕਿ ਜਿਹੜੇ ਲੋਕ ਈਸਾ ਉਤੇ ਵਿਸਵਾਸ ਨਹੀਂ ਲਿਆਉਣਗੇ, ਉਹ ਪਰਮਾਤਮਾ ਦੇ ਕ੍ਰੋਧ ਦੇ ਭਾਗੀ ਬਣਨਗੇ।

– ਜਿਹੜਾ ਪੁਤਰ ਨੂੰ ਨਹੀਂ ਮੰਨਦਾ, ਉਹ ਜੀਵਨ ਨੂੰ ਨਹੀਂ ਵੇਖੇਗਾ, ਪ੍ਰਭੂਉਸ ਉੱਤੇ ਪਰਮੇਸਰ ਦਾ ਕ੍ਰੋਧ ਰਹੇਗਾ। (ਯੂਹਨਾ 3:36)

–ਜਿਹੜਾ ਉਸ ਉਤੇ ਵਿਸ਼ਵਾਸ ਨਹੀਂ ਕਰਦਾ, ਉਹ ਦੋਸ਼ੀ ਠਹਿਰਾਇਆ ਜਾ ਚੁੱਕਾ ਹੈ, ਕਿਉਂਕਿ ਉਸ ਨੇ ਪਰਮੇਸ਼ਰ ਦੇ ਇਕਲੌਤੇ ਪੁਤਰ ਦੇ ਨਾਮ ਪੁਰ ਵਿਸ਼ਵਾਸ ਨਹੀਂ ਕੀਤਾ। (ਯੂਹਨਾ 3:18–19)

ਗੁਰਮਤਿ ਈਸਾਈ ਮੱਤ ਦੇ ਇਹਨਾਂ ਖਿਆਲਾਂ ਨਾਲ ਵਖਰੇਵਾਂ ਰਖਦੀ ਹੈ ਕਿ ਪਰਮਾਤਮਾ ਈਸਾ ਜੀ ਦੇ ਰੂਪ ਵਿਚ ਪ੍ਰਗਟ ਹੋਇਆ। ਗੁਰਮਤਿ ਤਾਂ ਪ੍ਰਭੂਨੂੰ "ਅਜੂਨੀ" ਮੰਨਦੀ ਹੈ, ਜੋ ਨਾ ਤਾਂ ਜੰਮਦਾ ਹੈ ਤੇ ਨਾ ਹੀ ਮਰਦਾ ਹੈ।

**– "ਤੂ ਪਾਰਬ੍ਰਹਮੁ ਪਰਮੇਸਰੁ, ਜੋਨਿ ਨ ਆਵਹੀ ॥"** (ਵਾਰ ਮਾਰੂ ਮ: 5, ਪੰਨਾ 1●95)

ਯਥਾ

**– ਜਨਮਿ ਨ ਮਰੈ, ਨ ਆਵੈ ਨ ਜਾਇ ॥**

**ਨਾਨਕ ਕਾ ਪ੍ਰਭੁ, ਰਹਿਓ ਸਮਾਇ ॥** (ਭੈਰਉਮ: 5, ਪੰਨਾ 1136)

ਗੁਰਮਤਿ–ਦਰਸ਼ਨ ਮੁਤਾਬਿਕ ਜਿਹੜਾ ਜਨਮ ਲੈਂਦਾ ਹੈ, ਉਹ ਰੱਬ ਨਹੀਂ ਹੋ ਸਕਦਾ– ਇਸ ਲਈ ਈਸਾ ਰੱਬ ਨਹੀਂ ਸੀ, ਜਿਹਾ ਕਿ ਈਸਾਈਆਂ ਦਾ ਵਿਸ਼ਵਾਸ ਹੈ।

ਗੁਰਮਤਿ ਈਸਾਈ ਮੱਤ ਦੇ ਇਸ ਵਿਸ਼ਵਾਸ ਨਾਲ ਸਖਤ ਮਤਭੇਦ ਰਖਦੀ ਹੈ ਕਿ ਜਿਹੜਾ ਈਸਾ ਨੂੰ ਨਹੀਂ ਮੰਨਦਾ ਉਸਨੂੰ ਪ੍ਰਭੂਦੋਸ਼ੀ ਠਹਿਰਾਏਗਾ ਅਤੇ ਉਸ ਮਨੁੱਖ ਉਤੇ ਕਰੋਧਵਾਨ ਹੋਵੇਗਾ। ਗੁਰੂਸਾਹਿਬਾਨ ਭਾਵੇਂ ਪ੍ਰਭੂਨਾਲ ਇਕ–ਮਿਕ ਹੋਇਆਂ ਪ੍ਰਭੂਵਰਗੀਆਂ ਮਹਾਨ ਸ਼ਖਸੀਅਤਾਂ ਸਨ, ਪਰ ਉਹਨਾਂ ਨੇ ਵੀ ਲੋਕਾਂ ਨੂੰ ਆਪਣੀ ਨਿਜੀ ਸ਼ਖਸੀਅਤ (ਜਾਂ ਦੇਹ) ਦੇ ਲੜ ਨਹੀਂ ਲਾਇਆ, ਸਗੋਂ ਪ੍ਰਭੂਨਾਲ ਇਕਸੁਰਤਾ ਵਿਚੋਂ ਉਹਨਾਂ ਨੂੰ ਜਿਸ 'ਸ਼ਬਦ, ਦੀ ਪ੍ਰਾਪਤੀ ਹੋਈ ਸੀ, ਉਸ ਸਬਦ' (ਪ੍ਰਭੂਦੇ ਨਾਮ ਜਾ ਹੁਕਮ, ਅਥਵਾ ਰੱਬੀ ਗਿਆਨ) ਨੂੰ ਹੀ ਉਹਨਾਂ ਨੇ ਸ਼ਬਦ–ਗੁਰੂਦੇ ਰੂਪ ਵਿਚ ਪਰਚਾਰਿਆ। ਗੁਰੂਸਾਹਿਬ ਦਾ ਇਹ ਪੱਕਾ ਵਿਸ਼ਵਾਸ ਸੀ ਕਿ ਗੁਰਮਤਿ ਦੇ ਲੜ ਲੱਗ ਕੇ ਹੀ ਮੱਨੁਖ ਜੀਵਨ ਸਫਲਾ ਕਰ ਸਕਦਾ ਹੈ, ਤਾਂ ਭੀ ਆਪ ਨੇ ਉਦਾਰਚਿਤ ਹੋਕੇ ਇਹ ਆਖਿਆ ਸੀ 'ਪ੍ਰਭੂਤੂੰ ਮਾਇਆ ਦੀ ਅੱਗ ਵਿਚ ਜੱਲ ਰਹੇ ਮਨੁੱਖਾਂ ਦੀ ਰਖਿਆ ਕਰ, ਜਿਸ ਢੰਗ ਨਾਲ ਵੀ ਇਹਨਾਂ ਦਾ ਬਚਾਅ ਹੋ ਸਕਦਾ ਹੈ, ਉਸੇ ਨਾਲ ਹੀ ਇਹਨਾਂ ਨੂੰ ਬਚਾਅ ਲੈ:–

**ਜਗਤੁ ਜਲੰਦਾ ਰਖਿ ਲੈ ਆਪਣੀ ਕਿਰਪਾ ਧਾਰਿ ॥**

**ਜਿਤੁ ਦੁਆਰੈ ਉਬਰੈ, ਤਿਤੈ ਲੇਹੁ ਉਬਾਰਿ ॥** (ਵਾਰ ਬਿਲਾਵਲ, ਮ: 3, ਪੰਨਾ 853)

ਗੁਰੂਸਾਹਿਬ ਨੇ ਸਿਖਾਂ ਨੂੰ 'ਗੁਰਮਤਿ–ਗਾਡੀ' ਰਾਹ ਉਤੇ ਤੁਰਨ ਦਾ ਉਪਦੇਸ਼ ਦਿਤਾ ਹੈ ਅਤੇ ਇਹ ਗਰੰਟੀ ਦਿਤੀ ਹੈ ਕਿ ਜਿਹੜੇ ਮੱਨੁਖ ਤਨੋਂ–ਮਨੋਂ ਗੁਰਮਤਿ–ਮਾਰਗ ਉਤੇ ਚਲਣਗੇ ਉਹ ਇਹ ਸੰਸਾਰਕ ਜੀਵਨ ਸਫਲਤਾ

ਸਹਿਤ ਗੁਜਾਰਨ ਮਗਰੋਂ ਸਰਬ- ਵਿਆਪੀ ਪ੍ਰਭੂਦੀ ਆਤਮਾ ਵਿਚ ਲਿਵਲੀਨ ਹੋ ਜਾਣਗੇ। ਉਨ੍ਹਾਂ ਨੇ ਇਹ ਨਹੀਂ ਆਖਿਆ ਕਿ ਉਹ ਕਿਸੇ ਖਾਸ ਸਮੇਂ ਸੰਸਾਰ ਉਪਰ ਫਿਰ ਆ ਕੇ ਲੋਕਾਂ ਨੂੰ ਸਵਰਗ ਵਿਚ ਲੈ ਜਾਣਗੇ। ਉਹਨਾਂ ਨੇ ਮੱਨੁਖ ਦਾ ਟੀਚਾ ਕਿਸੇ ਫ਼ਰਜ਼ੀ ਸਵੱਰਗ ਦੀ ਪ੍ਰਾਪਤੀ ਨਹੀਂ ਦਸਿਆ, ਸਗੋਂ ਪ੍ਰਭੂਵਿਚ ਲਿਵਲੀਨ ਹੋਣਾ ਦਸਿਆ ਹੈ। ਇਸ ਟੀਚੇ ਦੀ ਪ੍ਰਾਪਤੀ ਦਾ ਇਕੋ ਇੱਕ ਢੰਗ ਸ਼ਬਦ-ਗੁਰੂਦੇ ਲੜ ਲੱਗ ਕੇ, ਪ੍ਰਭੂਨਾਲ ਪ੍ਰੇਮ ਪਾਉਣਾ, ਉਸਨੂੰ ਆਪਣੀ ਯਾਦ ਵਿਚ ਵਸਾਉਣ-ਸਿਮਰਨ ਕਰਨਾ, ਸਿਫ਼ਤ ਸਲਾਹ ਕਰਨਾ ਅਥਵਾ ਨਾਮ-ਜਪਣਾ ਦਸਿਆ ਹੈ।

**ਜੈਸੇ ਮਾਤ ਪਿਤਾ ਬਿਨੁ ਬਾਲੁ ਨ ਹੋਈ ॥"** (ਗੋਂਡ ਕਬੀਰ ਜੀ ਪੰਨਾ 872)

**4. ਤ੍ਰਿਮੂਰਤੀ ਜਾਂ ਤਰੈ-ਪੱਖ (Trinity) –** ਈਸਾਈ ਮੱਤ ਦਾ ਪਰਮਾਤਮਾ ਇੱਕ ਵਿਅਕਤੀ ਨਹੀਂ ਸਗੋਂ ਤਿੰਨ ਵਖ ਵਖ ਵਿਅਕਤੀ ਹਨ। ਇੰਝ ਈਸਾਈ ਵਿਸ਼ਵਾਸਾਂ ਮੁਤਾਬਿਕ ਰੱਬ ਦੇ ਤਿੰਨ ਪੱਖ ਹਨ- (1) ਪਰਮਾਤਮਾ ਖ਼ੁਦ, (2) ਪਰਮਾਤਮਾ ਦੀ "ਪਵਿੱਤਰ ਆਤਮਾ ਜਾਂ ਰੂਹ", ਅਤੇ (3) ਪਰਮਾਤਮਾ ਦਾ ਪੁਤਰ ਈਸਾ ਮਸੀਹ। ਇਹਨਾਂ ਤਿੰਨਾਂ ਨੂੰ ਹੀ ਦੈਵੀ ਪੁਰਸ਼ ਆਖਿਆ ਗਿਆ ਹੈ । ਇਕ ਪਰਮਾਤਮਾ ਵਿੱਚ ਤਿੰਨ ਦੈਵੀ-ਪੁਰਸ਼ਾਂ ਦਾ ਸਿਧਾਂਤ ਮਨੁੱਖੀ ਸਮਝ ਤੋਂ ਬਾਹਰ ਦੀ ਚੀਜ਼ ਹੈ, ਉਂਝ ਇਹ ਗੱਲ ਸੁਭਾਵਕ ਹੀ ਹੈ, 'ਤ੍ਰੈ-ਪੱਖੀ ਰੱਬ' ਈਸਾਈ ਦਰਸ਼ਨ ਦਾ ਇਕ ਮੂਲ ਸਿਧਾਂਤ ਹੈ।

ਗੁਰਮਤਿ ਤ੍ਰੈ-ਪੱਖੀ ਰੱਬ ਵਿਚ ਵਿਸ਼ਵਾਸ ਨਹੀਂ ਰਖਦੀ। ਗੁਰਮਤਿ ਨੇ ਰੱਬ ਦੇ ਇਕ ਤੇ ਕੇਵਲ ਇਕ ਹੋਣ ਦਾ ਵਿਸ਼ਵਾਸ ਦ੍ਰਿੜ ਕਰਾਇਆ ਹੈ। ਇਹ ਇਕੋ ਹੀ ਰੱਬ ਸਰਬ ਗੁਣ ਸੰਪੰਨ ਹੈ। ਆਪਣੀ ਇੱਛਾ/ਹੁਕਮ ਮੁਤਾਬਕ ਸਭ ਕੰਮ ਕਰ ਰਿਹਾ ਹੈ, ਉਸਨੂੰ ਕਿਸੇ ਹੋਰ ਸਹਾਇਕ ਦੀ ਲੋੜ ਨਹੀਂ।

**5. ਰੱਬੀ ਸਚਾਈ –(Supernatural Revelation) :** ਇਸਦਾ ਭਾਵ ਹੈ, ਸਚਾਈ ਦਾ ਉਹ ਪ੍ਰਕਾਸ਼ ਜੋ ਮਨੁੱਖ ਦੇ ਦਿਮਾਗ ਦੀ ਪਹੁੰਚ ਤੋਂ ਪਰੇ ਹੈ। ਪਹਿਲਾਂ ਇਹ ਨਬੀਆਂ (Probhets) ਰਾਹੀਂ ਪਰਗਟ ਹੋਇਆ, ਪਰ ਅੰਤ ਵਿਚ ਪਰਮਾਤਮਾ ਨੇ ਇਹ ਪ੍ਰਕਾਸ਼ ਆਪਣੇ ਪੁੱਤਰ ਈਸਾ ਮਸੀਹ ਰਾਹੀਂ ਪਰਗਟ ਕੀਤਾ ਹੈ। ਉਹ (ਈਸਾ) ਪਰਮਾਤਮਾ ਦਾ ਜੀਉਂਦਾ (ਦੇਹਧਾਰੀ) ਕਲਾਮ (ਵਚਨ-ਸ਼ਬਦ) ਹੈ।

ਗੁਰਮਤਿ ਇਸ ਗੱਲ ਨਾਲ ਤਾਂ ਸਹਿਮਤੀ ਰਖਦੀ ਹੈ ਕਿ ਪ੍ਰਭੂਮੱਨੁਖੀ ਮਨ ਦੀ ਪਕੜ ਵਿਚ ਨਹੀਂ ਆ ਸਕਦਾ, ਉਹ ਅਗੰਮ-ਅਪਾਰ ਹੈ ਅਤੇ ਉਹ ਆਪਣੇ ਭਗਤਾਂ ਉਤੇ ਕ੍ਰਿਪਾ ਕਰਕੇ ਉਹਨਾਂ ਨੂੰ ਸਚਾਈ ਦਾ ਗਿਆਨ ਬਖਸ਼ਦਾ ਹੈ, ਜਿਵੇਂ ਬਾਬਾ ਫਰੀਦ ਜੀ, ਭਗਤ ਕਬੀਰ ਜੀ ਅਤੇ ਗੁਰੂ-ਪਰਵਾਨਿਤ ਹੋਰ ਭਗਤਾਂ ਨੂੰ ਉਸਨੇ ਸਚਾਈ ਦਾ ਗਿਆਨ ਬਖਸ਼ਿਆ ਸੀ, ਪਰ ਗੁਰਮਤਿ ਇਸ ਗੱਲ ਨਾਲ ਸਹਿਮਤ ਨਹੀਂ ਕਿ ਰੱਬ ਨੇ ਅੰਤ ਵਿਚ ਈਸਾ ਰਾਹੀਂ ਸਚਾਈ ਦਾ ਪ੍ਰਗਟਾਵਾ ਕੀਤਾ ਅਤੇ ਈਸਾ ਦੇ ਮਗਰੋਂ ਇਸ ਰੱਬੀ ਸੱਚਾਈ ਦਾ ਪ੍ਰਗਟਾਵਾ ਹੋਣਾ ਬੰਦ ਹੋ ਗਿਆ।

**6. ਵਿਸ਼ਵਾਸ ਤੇ ਨਦਰ (ਮਿਹਰ) (Faith and Grace) :**

ਵਿਸ਼ਵਾਸ ਤੋਂ ਈਸਾਈਆਂ ਦਾ ਭਾਵ ਹੈ ਕਿ ਮੱਨੁਖ ਅਪਣਾ ਸਾਰਾ ਆਪਾ ਬੁੱਧੀ ਅਤੇ ਇੱਛਾ ਪਰਮਾਤਮਾ ਅਗੇ ਅਰਪਣ ਕਰ ਦੇਵੇ। ਅਜਿਹੇ ਮਨੁੱਖ ਤੇ ਪ੍ਰਭੂਆਪਣੇ ਆਪ ਨੂੰ ਪ੍ਰਗਟ ਕਰਦਾ ਹੈ। ਪਰ ਇਸੇ ਪ੍ਰਗਟਾਵੇ ਤੋਂ

ਪਹਿਲਾਂ ਮਨੁੱਖ ਉਤੇ ਪ੍ਰਭੂ ਦੀ ਨਦਰ (ਮਿਹਰ) ਹੋਣੀ ਚਾਹੀਦੀ ਹੈ। 'ਵਿਸ਼ਵਾਸ਼ ਕਰਨ ਲਈ ਮਨੁੱਖ ਸੁਤੰਤਰ ਹੈ; ਉਸਨੂੰ ਮਜ਼ਬੂਰ ਨਹੀਂ ਕੀਤਾ ਜਾ ਸਕਦਾ।

ਗੁਰਮਤਿ ਪ੍ਰਭੂਅਗੇ ਆਪਾ ਅਰਪਣ ਕਰਨ ਅਤੇ ਉਸਦੀ ਨਦਰ ਦਾ ਪਾਤਰ ਬਣਨ ਦੇ ਈਸਾਈ ਵਿਸ਼ਵਾਸ਼ ਨਾਲ ਸਹਿਮਤ ਹੈ। ਪਰ ਪ੍ਰਭੂਦੀ ਮਿਹਰ ਦਾ ਪਾਤਰ ਬਣਨ ਲਈ ਵੀ ਕੁਝ ਉਦਮ ਦੀ ਲੋੜ ਹੈ ਉਹ ਹੈ ਗੁਰੂਦੀ ਸਿਖਿਆ ਨੂੰ ਸਮਝਣਾ ਅਤੇ ਉਸ ਉਤੇ ਅਮਲ ਕਰਨਾ।

7. **ਸ਼ੈਤਾਨ –** ਸ਼ੈਤਾਨ ਈਸਾਈ ਮੱਤ ਵਿਚ ਕਲਪਿਤ ਕੀਤੀ ਗਈ ਇੱਕ ਦੁਸ਼ਤ ਵਿਅਕਤੀ ਹੈ। ਇਹ ਮੱਨੁਖਾਂ ਨੂੰ ਬੁਰਾਈ ਅਤੇ ਪਾਪ ਕਰਨ ਵਲ ਪ੍ਰੇਰਦਾ ਹੈ। ਬਾਈਬਲ ਵਿਚ ਇਸਨੂੰ ਕਈ ਨਾਮ ਦਿਤੇ ਗਏ ਹਨ, ਜਿਵੇਂ ਸ਼ੈਤਾਨ, ਵਡਾ ਸੱਪ, ਪੁਰਾਨਾ ਅਜਗਰ ਜਗਤ ਦਾ ਸਰਦਾਰ, ਇਸ ਸੰਸਾਰ ਦਾ ਈਸ਼ਵਰ, ਡੇਗਿਆ ਹੋਇਆ ਦੂਤ, ਧੋਖੇਬਾਜ, ਝੂਠਾ, ਨਾਸ਼ ਕਰਨ ਵਾਲਾ, ਮੌਤ ਦਾ ਸਰਦਾਰ ਅਤੇ ਵੈਰੀ ਆਦਿਕ।

ਕਿਹਾ ਗਿਆ ਹੈ ਕਿ ਸ਼ੈਤਾਨ ਸਰਬ-ਸ਼ਕਤੀਸ਼ਾਲੀ ਅਤੇ ਬਹੁਤ ਹੀ ਚਲਾਕ ਹੈ। ਉਹ ਧਰਮੀ ਬੰਦਿਆਂ ਨੂੰ ਭੈੜੇ ਰਾਹ ਉਤੇ ਪਾਉਣ ਤੇ ਬਹਿਕਾਉਣ ਦਾ ਯਤਨ ਕਰਦਾ ਹੈ। ਬਾਈਬਲ ਵਿਚ ਅੰਕਤ ਹੈ:-

ਸੁਚੇਤ ਹੋਵੋ ਅਤੇ ਜਾਗਦੇ ਰਹੋ, ਕਿਉਂਕਿ ਤੁਹਾਡਾ ਵਿਰੋਧੀ ਸ਼ੈਤਾਨ ਗਰਜਣ

**ਵਾਲੇ ਸ਼ੇਰ ਦੀ ਤਰ੍ਹਾਂ ਇਸ ਖੋਜ ਵਿਚ ਰਹਿੰਦਾ ਹੈ ਕਿ ਕਿਸਨੂੰ ਪਾੜ ਖਾਵੇ।"** ਬਾਈਬਲ (ਪਤਰਸ 5:8)

ਸ਼ੈਤਾਨ ਨੇ ਹੀ ਬਾਬਾ ਆਦਮ ਨੂੰ ਵਰਜਿਤ ਫਲ ਖਾਣ ਲਈ ਵਰਗਲਾਇਆ ਸੀ। ਸ਼ੈਤਾਨ ਨੇ ਈਸਾ ਮਸੀਹ ਨੂੰ ਵੀ ਪਰੀਖਿਆ ਵਿਚ ਡੇਗਣ ਦਾ ਯਤਨ ਕੀਤਾ ਸੀ, ਪਰ ਪ੍ਰਭੂ(ਈਸਾ) ਨੇ ਉਸ ਉਤੇ ਜਿਤ ਹਾਸਲ ਕਰ ਲਈ। (ਪ੍ਰਭੂ) ਈਸਾ ਨੇ ਪਾਪੀਆਂ ਲਈ ਆਪਣੇ ਪ੍ਰਾਣ ਫ਼ਾਂਸੀ ਦੇ ਤਖਤੇ (ਸਲੀਬ) ਉਪਰ ਤਿਆਗ ਦਿਤੇ, ਅਤੇ ਸ਼ੈਤਾਨ ਨੂੰ ਪਰਾਜਿਤ ਕਰ ਦਿਤਾ।

ਸ਼ੈਤਾਨ ਹੀ ਇਸ ਸੰਸਾਰ ਵਿੱਚ ਹੋਣ ਵਾਲੇ ਸਾਰੇ ਪਾਪ, ਬੀਮਾਰੀ ਦੀ ਜੜ ਹੈ ਅਤੇ ਮੱਨੁਖਾਂ ਨੂੰ ਫਸਾਉਣ ਲਈ ਜਾਲ ਫਲਾਉਂਦਾ ਹੈ। ਇਸ ਲਈ 'ਪਰਮੇਸ਼ਰ ਦੇ ਅਧੀਨ ਹੋ ਜਾਵੋ, ਅਤੇ ਸ਼ੈਤਾਨ ਦਾ ਸਾਹਮਣਾ ਕਰੋ, ਤਾਂ ਉਹ ਤੁਹਾਡੇ ਪਾਸੋ ਨੱਸ ਜਾਵੇਗਾ।" (ਯਾਕੂਬ 4:7)

(ਪ੍ਰਭੂਈਸਾ ਮਸੀਹ ਦੀ ਮੌਤ ਦੁਆਰਾ ਸ਼ੈਤਾਨ ਦਾ ਸਰਬਨਾਸ਼ ਹੋ ਜਾਵੇਗਾ।

ਇਸ ਖਾਤਰ ਅਨੰਤ ਅਗਨੀ ਤਿਆਰ ਕੀਤੀ ਗਈ ਹੈ। ਜਦੋਂ ਪ੍ਰਭੂਈਸਾ ਆਵੇਗਾ, ਉਹ (ਸ਼ੈਤਾਨ) 1200 ਸਾਲਾਂ ਲਈ ਅੱਗ ਵਿਚ ਸੁੱਟ ਦਿੱਤਾ ਜਾਵੇਗਾ।

(ਪ੍ਰਕਾਸ਼ਿਤ ਵਾਕ ਭਵਿਖ ਬਾਣਾ 20:1-3)

ਸ਼ੈਤਾਨ ਬਾਰੇ ਇਸ ਤਰ੍ਹਾਂ ਦੇ ਵਿਚਾਰ ਦਰਸਾ ਕੇ ਈਸਾਈ ਕਹਿੰਦੇ ਹਨ, "ਆਉ ਅਸੀਂ ਸਾਰਾ ਜੀਵਨ ਪ੍ਰਭੂਯੀਸੂ, ਆਪਣੇ ਵਿਜਈ ਆਗੂਨੂੰ ਦੇ ਦੇਈਏ। ਅਸੀਂ ਸਭ ਹਥਿਆਰਾਂ ਨਾਲ ਲੈਸ ਹੋ ਕੇ ਬਹਾਦਰ ਯੋਧਿਆਂ ਦੀ

ਤਰ੍ਹਾਂ ਪ੍ਰਾਣ ਦੇਣ ਤਕ ਲੜਦੇ ਰਹੀਏ।"

(ਪੁਸਤਕ 'ਵਿਸ਼ਵਾਸ਼ ਚਟਾਨ' (ਹਿੰਦੀ), ਅਧਿਆਇ 17, ਪੰਨਾ 66-68)

ਗੁਰਮਤਿ ਵਿਚ ਸ਼ੈਤਾਨ ਦੀ ਹੋਂਦ ਨੂੰ ਉੱਕਾ ਹੀ ਸਵੀਕਾਰਿਆ ਨਹੀਂ ਗਿਆ। ਈਸਾਈ ਸ਼ੈਤਾਨ ਨੂੰ 'ਸਰਬ ਸ਼ਕਤੀਮਾਨ' ਮੰਨਦੇ ਹਨ, ਪਰ ਗੁਰਮਤਿ ਵਿਚ ਕੇਵਲ ਵਾਹਿਗੁਰੂ ਨੂੰ ਹੀ ਸਰਬ ਸ਼ਕਤੀਮਾਨ ਮੰਨਿਆ ਗਿਆ ਹੈ। ਪਰ ਗੁਰਮਤਿ ਵਿਚ ਕੇਵਲ ਵਾਹਿਗੁਰੂ ਨੂੰ ਹੀ ਸਰਬ ਸ਼ਕਤੀਮਾਨ ਮੰਨਿਆ ਗਿਆ ਹੈ। ਵਾਹਿਗੁਰੂ ਦੇ ਟਾਕਰੇ ਦੀ ਅਤੇ ਉਸਦਾ ਵਿਰੋਧ ਕਰ ਸਕਣ ਵਾਲੀ ਕੋਈ ਵੀ ਹਸਤੀ ਸਾਰੇ ਬ੍ਰਹਿਮੰਡ ਵਿਚ ਨਹੀਂ ਹੈ। ਗੁਰਮਤਿ 'ਮਾਇਆ' ਦੇ ਸੰਕਲਪ ਨੂੰ ਮੰਨਦੀ ਹੈ, ਜਿਸ ਅਨੁਸਾਰ ਮਾਇਆ ਇਕ ਸ਼ਕਤੀ ਹੈ, ਜੋ ਪ੍ਰਭੂ ਦੁਆਰਾ ਹੀ ਪੈਦਾ ਕੀਤੀ ਗਈ ਹੈ। ਇਹ ਸ਼ਕਤੀ ਮੱਨੁਖ ਨੂੰ ਅਧਰਮ ਵਾਲੇ, ਪਾਪ ਵਾਲੇ ਪਾਸੇ ਮੋੜਦੀ ਹੈ। ਪਰ ਗੁਰਸਿਖ 'ਸ਼ਬਦ-ਗੁਰੂ' ਦੀ ਕ੍ਰਿਪਾ ਸਦਕਾ ਮਾਇਆ ਦੀ ਅਸਲੀਅਤ ਨੂੰ ਸਮਝ ਜਾਂਦੇ ਹਨ, ਅਤੇ ਮਾਇਆ ਦੇ ਹਲਿਆਂ ਨੂੰ ਪਛਾੜ ਸੁਟਦੇ ਹਨ। ਪ੍ਰਭੂ ਦੇ ਮੁਕਾਬਲੇ ਵਿਚ ਮਾਇਆ ਦੀ ਕੋਈ ਰਤੀ-ਭਰ ਜਿੰਨੀ ਵੀ ਤਾਕਤ ਨਹੀਂ ਹੈ, ਕਿਉਂਕਿ ਇਹ ਉਸੇ ਦੁਆਰਾ ਸਿਰਜੀ ਹੋਈ ਹੈ।

8. **ਸ੍ਰਿਸ਼ਟੀ ਰਚਨਾ** - ਸਾਰੇ ਕਤੇਬੀ ਮੱਤ ਸ੍ਰਿਸ਼ਟੀ ਰਚਨਾ ਬਾਰੇ ਲਗਭਗ ਇਕੋ ਜਿਹੇ ਵਿਚਾਰ ਰਖਦੇ ਹਨ। ਉਹਨਾਂ ਮੁਤਾਬਿਕ ਜਦੋਂ ਪ੍ਰਭੂ ਦੀ ਸ੍ਰਿਸ਼ਟੀ ਸਾਜਣ ਦੀ ਇੱਛਾ ਹੋਈ ਤਾਂ ਸ੍ਰਿਸ਼ਟੀ ਰਚਨਾ ਹੋ ਗਈ। ਬਾਈਬਲ ਵਿਚ ਆਏ ਕੁਝ ਵਿਚਾਰ ਹੇਠਾਂ ਦਿਤੇ ਜਾਂਦੇ ਹਨ :-

(ੳ) ਆਰੰਭ ਵਿੱਚ ਪ੍ਰਭੂ ਨੇ ਆਕਾਸ਼ ਤੇ ਪ੍ਰਿਥਵੀ ਨੂੰ ਰਚਿਆ। ਪ੍ਰਿਥਵੀ ਬੇਡੋਲ ਤੇ ਸੁੰਨੀ ਸੀ, ਉਪਰ ਡੂੰਘਾ ਹਨੇਰਾ ਸੀ। ਪਰਮੇਸ਼ਰ ਦੀ ਆਤਮਾ ਪਾਣੀ ਉਪਲ ਡੋਲ ਰਹੀ ਸੀ। (ਪਰਵ 2, ਅ:1)

(ਅ) ਪ੍ਰਭੂ ਨੇ ਕਿਹਾ, ਜਲ ਤੋਂ ਜਲ ਨੂੰ ਨਿਖੇੜਨ ਲਈ ਵਿਚਾਲੇ ਆਸਮਾਨ ਹੋਣਾ ਚਾਹੀਦਾ ਹੈ ! ਸੋ ਉਸ ਨੇ ਅਕਾਸ਼ ਬਣਾਇਆ ਤੇ ਹੇਠਲੇ ਤੇ ਉਤਲੇ ਪਾਣੀਆਂ ਨੂੰ ਵੱਖ ਵੱਖ ਕੀਤਾ। ਜਦ ਅਜਿਹਾ ਹੋ ਗਿਆ ਤਾਂ ਈਸ਼ਵਰ ਨੇ ਅਕਾਸ਼ ਨੂੰ ਸਵਰਗ ਆਖਿਆ। (ਪਰਵ 1, ਅਯਨ 7)

(ੲ) ਆਰੰਭ ਵਿੱਚ ਰਬ ਦਾ ਆਤਮਾ ਪਾਣੀ ਉਪਰ ਡੋਲਦਾ ਸੀ। ਉਸਨੇ ਕਿਹਾ ਕਿ ਚਾਨਣਾ ਹੋਵੇ, ਉਸ ਘੜੀ ਪ੍ਰਕਾਸ਼ ਹੋ ਗਿਆ। ਫੇਰ ਰਬ ਨੇ ਚਾਨਣ ਨੂੰ ਹਨੇਰੇ ਕੋਲੋਂ ਵੱਖ ਕਰਕੇ ਦਿਨ ਅਤੇ ਰਾਤ ਦਾ ਨਾਮ ਦਿਤਾ। ਦੂਜੇ ਦਿਨ ਖੁਦਾ ਨੇ ਆਕਾਸ਼ ਬਣਾਇਆ ਤੇ ਤੀਜੇ ਦੀਨ ਸਾਰੀ ਬਨਸਪਤੀ ਦੀ ਸਾਜਨਾ ਕੀਤੀ। ਚੌਥੇ ਦਿਨ ਚੰਦ, ਸੂਰਜ ਅਤੇ ਵਾਰੇ ਰਚੇ। ਪੰਜਵੇਂ ਦਿਨ ਜਲ, ਜੀਵ ਤੇ ਪੰਛੀ ਸਾਜੇ। ਛੇਵੇਂ ਦਿਨ ਕੀੜੇ ਮਕੌੜੇ, ਪਸ਼ੂ, ਇਸਤ੍ਰੀ ਤੇ ਪੁਰਸ਼ ਬਣਾਏ। ਸਤਵੇਂ ਦਿਨ ਸਾਰਾ ਕੰਮ ਖਤਮ ਕਰਕੇ ਆਰਾਮ ਕੀਤਾ। (ਬਾਈਬਲ ਅਧਿਆਇ ਪਹਿਲਾ ਤੇ ਦੂਜਾ)

ਗੁਰਮਤਿ ਇਸ ਗੱਲ ਨੂੰ ਮੰਨਦੀ ਹੈ ਕਿ ਸ੍ਰਿਸ਼ਟੀ ਦੀ ਰਚਨਾ ਪ੍ਰਭੂ ਦੇ ਆਪਣੇ ਹੁਕਮ ਦੁਆਰਾ ਹੀ ਹੋਈ ਹੈ।

**- ਹੁਕਮੀ ਹੋਵਨਿ ਆਕਾਰ, ਹੁਕਮੁ ਨ ਕਹਿਆ ਜਾਈ ॥**

**ਹੁਕਮੀ ਹੋਵਨਿ ਜੀਅ, ਹੁਕਮਿ ਮਿਲੈ ਵਡਿਆਈ ॥** (ਜਪਜੀ, ਮ: 1)

ਯਥਾ

**ਜਾ ਤਿਸੁ ਭਾਵੈ ਤਾ ਸ੍ਰਿਸਟ ਉਪਾਏ ॥**

**ਆਪਨੈ ਭਾਣੈ ਲਏ ਸਮਾਏ ॥** (ਸੁਖਮਨੀ ਮ: 5, ਪੰਨਾ 282)

ਯਥਾ

**– ਆਪੇ ਹੀ ਕਰਣਾ ਕੀਓ, ਕਲ ਆਪੇ ਹੀ ਤੈ ਧਾਰੀਐ ॥** (ਵਾਰ ਆਸਾ, ਮ 1, ਪੰਨਾ 473)

ਯਥਾ

**– ਕੀਤਾ ਪਸਾਉ, ਏਕੋ ਕਵਾਉ ॥**

**ਤਿਸਤੇ ਹੋਏ ਲਖ ਦਰੀਆਉ ॥** (ਜਪੁਜੀ, ਮ: 1, ਪੰਨਾ 3)

ਇਹ ਹੁਕਮ ਕਿਵੇਂ ਵਰਤਤਿਆ ਇਸਦਾ ਥੋੜ੍ਹਾ ਜਿਹ ਸੰਕੇਤ ਵੀ ਮਿਲਦਾ ਹੈ। ਲਿਖਿਆ ਹੈ ਕਿ ਅਕਾਲ ਪੁਰਖ ਤੋਂ ਗੈਸਾਂ (ਪਵਨ) ਦੀ ਉਤਪਤੀ ਹੋਈ, ਗੈਸਾਂ ਤੋਂ ਪਾਣੀ ਬਣਿਆ ਤੇ ਪਾਣੀ ਵਿਚ ਪ੍ਰਭੂ ਨੇ ਜੀਵ ਪੈਦਾ ਕੀਤੇ ਅਤੇ ਸ੍ਰਿਸ਼ਟੀ ਦੀ ਰਚਨਾ ਹੋਈ :–

**ਸਾਚੇ ਤੇ ਪਵਨਾ ਭਇਆ, ਪਵਨੈ ਤੇ ਜਲੁ ਹੋਇ ॥**

**ਜਲ ਤੇ ਤ੍ਰਿਭਵਣੁ ਸਾਜਿਆ, ਘਟਿ ਘਟਿ ਜੋਤਿ ਸਮੋਇ ॥**

(ਸਿਰੀ ਰਾਗ ਮ: 1, ਪੰਨਾ 19)

ਗੁਰਮਤਿ ਨੇ ਸ੍ਰਿਸ਼ਟੀ ਸਾਜਨਾ ਦਾ ਬਹੁਤਾ ਵੇਰਵਾ ਨਹੀਂ ਦਿਤਾ ਅਤੇ ਆਖਿਆ ਹੈ ਕਿ ਜਿਸ ਸਮੇਂ ਸ੍ਰਿਸਟੀ ਸਾਜੀ ਗਈ, ਉਸ ਸਮੇਂ ਦਾ ਕਿਸੇ ਨੂੰ ਵੀ ਗਿਆਨ ਨਹੀਂ, ਕੇਵਲ ਰਚਨਹਾਰ ਪ੍ਰਭੂ ਹੀ ਇਸ ਗਲ ਨੂੰ ਜਾਣਦਾ ਹੈ :–

**ਥਿਤਿ ਵਾਰੁ ਨ ਜੋਗੀ ਜਾਣੈ, ਰੁਤਿ ਮਾਹੁ ਨਾ ਕੋਈ ॥**

**ਜਾ ਕਰਤਾ ਸਿਰਠੀ ਕਉ ਸਾਜੇ, ਆਪੇ ਜਾਣੈ ਸੋਈ ॥** (ਜਪੁ ਜੀ, ਮ: 1, ਪੰਨਾ 4)

ਇੰਝ ਗੁਰਮਤਿ ਈਸਾਈ ਮੱਤ ਦੇ ਇਸ ਖ਼ਿਆਲ ਨਾਲ ਸਹਿਮਤ ਨਹੀਂ ਕਿ ਪ੍ਰਭੂ ਨੇ ਹਫ਼ਤੇ ਦੇ ਛੇ ਦਿਨਾਂ ਵਿਚ ਵੱਖ ਵੱਖ ਚੀਜ਼ਾਂ ਦੀ ਰਚਨਾ ਕੀਤੀ ਤੇ ਸਤਵੇਂ ਦਿਨ ਆਰਾਮ ਕੀਤਾ। ਪ੍ਰਭੂ ਨੇ ਸ੍ਰਿਸ਼ਟੀ ਰਚਨਾ ਇੰਝ ਨਹੀਂ ਕੀਤੀ ਜਿਵੇਂ ਕੋਈ ਮਿਸਤਰੀ ਕਿਸੇ ਮਸ਼ੀਨ ਆਦਿ ਨੂੰ ਆਪਣੇ ਹਥਾਂ ਨਾਲ ਬਣਾਵੇ, ਕੋਈ ਘੁਮਿਆਰ ਭਾਂਡੇ ਬਣਾਵੇ ਜਾਂ ਕੋਈ ਰਾਜ, ਮਕਾਨ ਦੀ ਉਸਾਰੀ ਕਰੇ। ਪ੍ਰਭੂ ਦੇ ਕੰਮ ਪ੍ਰਭੂ ਦੇ ਹੁਕਮਾਂ ਅਨਸਾਰ ਸੁਤੇ–ਸਿਧ ਹੋ ਰਹੇ ਹਨ, ਉਸਨੂੰ ਕਿਸੇ ਤਰ੍ਹਾਂ ਦੇ ਉਚੇਚ ਦੀ ਲੋੜ ਨਹੀਂ। ਇੱਝ ਉਸਦੇ ਥਕਣ ਜਾਂ ਆਰਾਮ ਕਰਨ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ।

**9. ਪਵਿਤਰ ਆਤਮਾ (Holi Spirit)** ਪਵਿਤਰ ਆਤਮਾ 'ਤ੍ਰੈ–ਪੱਖੀ' ਰੱਬ ਦਾ ਇਕ ਪੱਖ ਹੈ– ਇਸਨੂੰ ਪਵਿਤਰ ਰੂਹ ਆਖਦੇ ਹਨ ਇਸਦਾ ਨਿਕਾਸ ਪਿਤਾ (God) ਅਤੇ ਪੁਤਰ (jesus Christ) ਤੋਂ ਹੁੰਦਾ ਹੈ। ਇਹ ਹਜ਼ਰਤ ਈਸਾ ਦੁਆਰਾ ਸਥਾਪਿਤ ਚਰਚ ਦੀ ਆਤਮਾ ਹੈ।

ਉਪਰੋਕਤ ਈਸਾਈ ਵਿਸ਼ਵਾਸ਼ ਮੁਤਾਬਿਕ ਪਰਮਾਤਮਾ ਦੀ ਪਵਿਤਰ ਰੂਹ (ਆਤਮਾ) ਉਸ 'ਆਤਮਾ' ਤੋਂ ਵੱਖਰੀ ਹੈ ਜੋ ਮੱਨੁਖਾਂ ਤੇ ਜੀਵਾਂ-ਜੰਤੂਆਂ ਵਿਚ ਨਿਵਾਸ ਰਖਦੀ ਹੈ ਤੇ ਉਹਨਾਂ ਵਿੱਚ 'ਹਰਕਤ' ਦਾ ਕਾਰਨ ਬਣਦੀ ਹੈ। ਗੁਰਮਤ ਨੇ ਰੱਬ ਦੀ ਅਜਿਹੀ ਵਖਰੀ 'ਪਵਿਤਰ ਰੂਹ' ਦੀ ਹੋਂਦ ਨੂੰ ਹੀ ਨਹੀਂ ਮੰਨਿਆ। ਇਸ ਲਈ ਪਵਿੱਤਰ ਰੂਹ ਦੇ ਕਿਸੇ ਇੱਕ ਵਿਅਕਤੀ (ਈਸਾ ਮਸੀਹ) ਤੋਂ ਨਿਕਾਸ ਦਾ ਸੁਆਲ ਹੀ ਪੈਦਾ ਨਹੀਂ ਹੁੰਦਾ।

**10. ਮੁਕਤੀ –** ਈਸਾਈ ਮੱਤ ਅਨੁਸਾਰ ਮੁਕਤੀ ਦਾ ਅਰਥ ਹੈ-ਮੌਤ ਮਗਰੋਂ ਪਿਤਾ ਪਰਮਾਤਮਾ ਕੌਲ (ਸਵੱਰਗ ਵਿਚ) ਵਾਪਸ ਜਾਣਾ। ਇਹ (ਮੁਕਤੀ) ਈਸਾ ਜੀ ਰਾਹੀਂ ਪ੍ਰਾਪਤ ਹੁੰਦੀ ਹੈ। ਪ੍ਰਭੂ ਦੇ ਪੁੱਤਰ ਈਸਾ ਦੀ ਆਤਮਾ ਹੀ ਸਭ ਈਸਾਈਆਂ ਦੀ ਆਤਮਾ ਹੈ, ਇਸ ਲਈ ਸਭ ਈਸਾਈ ਪ੍ਰਭੂ ਦੇ ਪੁਤਰ ਹਨ। ਈਸਾ ਦੀ ਆਤਮਾ ਉਹਨਾਂ ਨੂੰ ਪ੍ਰਭੂ ਨਾਲ ਮਿਲਾਉਂਦੀ ਹੈ। ਈਸਾ ਹੀ ਮੁਕਤੀ-ਦਾਤਾ ਹੈ:-

ਪਰਮੇਸ਼ਰ ਨੇ ਮਸੀਹ (ਈਸਾ) ਰਾਹੀਂ ਪ੍ਰਗਟ ਹੋ ਕੇ, ਸੰਸਾਰ ਦਾ ਆਪਣੇ ਨਾਲ ਮਿਲਾਪ ਕਰ ਲਿਆ।
(ਕੁਰਿੰਥਿਓਂ 5 : 19)

'ਯੀਸੂਮਸੀਹ ਨਾਸਰੀ ਦੇ ਨਾਮ ਨਾਲ ਹੀ.. ਹੋਰ ਕਿਸੇ ਦੂਸਰੇ ਰਾਹੀਂ ਨਹੀਂ, ਕਿਉਂਕਿ ਸਵੱਰਗ ਦੇ ਹੇਠਾਂ ਮੱਨੁਖਾਂ ਵਿਚ ਹੋਰ ਕੋਈ ਨਾਮ ਨਹੀਂ ਦਿਤਾ ਗਿਆ, ਜਿਸ ਰਾਹੀਂ ਕਿ ਸਾਡਾ ਉਧਾਰ (ਮੁਕਤੀ) ਹੋ ਸਕੇ।" (ਪਰੇਰਿਤਾ ਦੇ ਕੰਮ 4 : 1● ਤੈ 12)

"ਪ੍ਰਭੂ ਯੀਸਾ ਨੇ ਕਿਹਾ : ਰਸਤਾ ਅਤੇ ਸਚਾਈ ਅਤੇ ਜੀਵਨ ਮੈਂ ਹੀ ਹਾਂ" ਮੇਰੇ ਬਿਨਾਂ ਕੋਈ ਵੀ ਪਿਤਾ ਕੋਲ ਨਹੀਂ ਪੁੱਜ ਸਕਦਾ। (ਯੂਹਨਾ 146)

"ਪਰਮੇਸ਼ਰ ਇੱਕ ਹੀ ਹੈ ਅਤੇ ਪਰਮੇਸ਼ਰ ਤੇ ਮੱਨੁਖਾਂ ਦੇ ਵਿਚ ਇੱਕ ਹੀ ਵਿਚੋਲਾ ਹੈ, ਅਰਥਾਤ ਯੀਸੂਮਸੀਹ ਜੋ ਮਨੁੱਖ ਹੈ। ਜਿਸ ਨੇ ਆਪਣੇ ਆਪ ਨੂੰ ਸਭ ਦੇ ਛੁਟਕਾਰੇ ਦੀ ਕੀਮਤ ਵਿਚ ਦੇ ਦਿਤਾ। (ਤੀਮੂਥਿਉਸ- 2 : 56)

ਸਿੱਖ ਧਰਮ ਵਿਚ ਮੁਕਤੀ ਦੀ ਸੰਕਲਪ ਈਸਾਈ ਮੱਤ ਦੇ ਵਿਸ਼ਵਾਸ ਨਾਲੋਂ ਭਿੰਨ ਹੈ। ਸਿੱਖ ਧਰਮ ਵਿੱਚ ਮੁਕਤੀ ਤੋਂ ਭਾਵ ਹੈ ਮਾਇਆ ਅਤੇ ਵਿਕਾਰਾਂ ਦੇ ਪ੍ਰਭਾਵ ਤੋਂ ਮੁਕਤ ਹੋ ਕੇ, ਪ੍ਰਭੂ ਦੇ ਰੰਗ ਵਿਚ ਰੰਗੀਜ ਕੇ ਇਹ ਜੀਵਨ ਬਸਰ ਕਰਨਾ ਅਤੇ ਜੀਵਨ ਦੇ ਅੰਤ ਮਗਰੋਂ ਸਰਬ-ਵਿਆਪਕ ਪ੍ਰਭੂ (ਦੀ ਆਤਮਾ) ਵਿਚ ਲੀਨ ਹੋ ਜਾਣਾ : ਈਸਾਈ ਵਿਸ਼ਵਾਸ ਅਨੁਸਾਰ ਮੁਕਤੀ-ਵਿਆਪਕ ਪ੍ਰਭੂ (ਦੀ ਆਤਮਾ) ਵਿਚ ਲੀਨ ਹੋ ਜਾਣਾ : ਈਸਾਈ ਵਿਸ਼ਵਾਸ ਅਨੁਸਾਰ ਮੁਕਤੀ-ਆਤਮਾ ਪ੍ਰਭੂ ਦੇ ਕੋਲ, ਸਵਰਗ ਵਿੱਚ ਨਿਵਾਸ ਕਰਦੀ ਹੈ : ਪ੍ਰਭੂ ਦੀ ਆਤਮਾ ਵਿਚ ਲਿਵਲੀਨ ਨਹੀਂ ਹੁੰਦੀ। ਪ੍ਰਭੂ ਨੂੰ ਇਕ ਬਾਦਸ਼ਾਹ ਦੇ ਰੂਪ ਵਿਚ ਕਲਪਿਆ ਗਿਆ ਹੈ, ਜੋ ਦੂਰ ਆਸਮਾਨਾਂ ਵਿੱਚ ਆਸਣ ਜਮਾ ਕੇ ਸੰਸਾਰ ਦੀ ਕਾਰ ਚਲਾ ਰਿਹਾ ਹੈ। ਸਿੱਖ ਧਰਮ ਵਿਚ ਪ੍ਰਭੂ ਦੀ ਦੇਹ (ਸਰੀਰ) ਦੇ ਵਿਸ਼ਵਾਸ ਨੂੰ ਕੋਈ ਥਾਂ ਨਹੀਂ ਦਿਤੀ ਗਈ। ਪ੍ਰਭੂ ਤਾਂ ਸਰੀਰ-ਰਹਿਤ ਹੈ ਤੇ ਇੱਕ ਸਰਬ-ਉਚ ਸ਼ਕਤੀ ਤੇ ਰੂਪ ਵਿਚ ਬ੍ਰਹਿਮੰਡ ਦੇ ਜ਼ਰੇ ਜ਼ਰੇ ਵਿਚ ਮੌਜੂਦ ਹੈ। ਮੱਨੁਖਾਂ ਤੇ ਹੋਰ ਜੀਵ ਜੰਤੂਆਂ ਦੀ ਆਤਮਾ ਪ੍ਰਭੂ ਦੀ ਸਰਬ-ਵਿਆਪਕ ਆਤਮਾ ਦਾ ਅੰਸ ਹੀ ਹੈ; ਜਿਵੇਂ ਪਾਣੀ ਦੀਆਂ ਬੂੰਦਾਂ ਸਮੁੰਦਰ ਦਾ ਅੰਸ਼ ਹੁੰਦੀਆਂ ਹਨ। ਜਿਹੜੇ ਮੱਨੁਖ ਗੁਰੂ ਦੀ ਸਿਖਿਆ ਉਤੇ ਚਲਕੇ ਜੀਵਨ ਬਸਰ ਕਰਦੇ ਹਨ, ਸੰਸਾਰਿਕ ਫ਼ਰਜ਼

ਨਿਭਾਉਣ ਦੇ ਨਾਲ ਨਾਲ ਪ੍ਰਭੂ ਦੀ ਸਿਫਤ-ਸਲਾਹ ਦੇ ਆਸਰੇ ਉਸ ਨਾਲ ਸੁਰਤ ਜੋੜੀ ਰਖਦੇ ਹਨ; ਉਹ ਮੌਤ ਮਗਰੋਂ ਪ੍ਰਭੂ ਵਿਚ ਲੀਨ ਹੋ ਜਾਂਦੇ ਹਨ; ਉਵੇਂ ਹੀ ਜਿਵੇਂ ਸਮੁੰਦਰ ਵਿਚ ਪਾਣੀ ਦੀਆਂ ਬੂੰਦਾ ਜ਼ਜਬ ਹੋ ਜਾਂਦੀਆਂ ਹਨ - ਸਮਾਅ ਜਾਂਦੀਆਂ ਹਨ। ਜ਼ਿਹੜੇ ਮੱਨੁਖ ਸ਼ਬਦ-ਗੁਰੂ ਦੀ ਸਿਖਿਆ ਤੋਂ ਉਲਟ ਚਲਦੇ ਹਨ, ਮਾਇਆ ਅਤੇ ਵਿਕਾਰਾਂ ਵਿਚ ਫਸੇ ਰਹਿੰਦੇ ਹਨ, ਦੁਰਾਚਾਰੀ ਅਤੇ ਪਾਪੀ ਹੁੰਦੇ ਹਨ, ਉਹ ਜਨਮ-ਮਰਨ ਦੇ ਚੱਕਰ ਵਿਚ ਪੈ ਜਾਂਦੇ ਹਨ ਅਤੇ ਪਾਪਾਂ-ਬੁਰੇ ਕੰਮਾਂ ਦਾ ਫਲ ਭੋਗਦੇ ਹਨ।

ਈਸਾ ਦੀ ਤਰ੍ਹਾਂ ਗੁਰੂ ਸਾਹਿਬਾਨ ਨੇ ਇਹ ਕਦੇ ਵੀ ਨਹੀਂ ਆਖਿਆ ਕਿ ਉਨ੍ਹਾਂ ਦੀ ਸਖਸ਼ੀਅਤ ਹੀ ਮੁਕਤੀ-ਦਾਤੀ ਹੈ ਅਤੇ ਉਹਨਾਂ ਦੀ ਸ਼ਖਸੀਅਤ ਉਪਰ ਵਿਸ਼ਵਾਸ ਕਰਨ ਨਾਲ ਹੀ ਮੁਕਤੀ ਮਿਲ ਜਾਵੇਗੀ ਜਾਂ ਕੇਵਲ ਉਹ ਹੀ ਮੁਕਤੀ ਦੁਆ ਸਕਦੇ ਹਨ ਅਤੇ ਸਿੱਖਾਂ ਨੂੰ ਕਲਪਿਤ ਸਵੱਰਗਾਂ ਵਿਚ ਪਹੁੰਚਾਣਗੇ। ਸਗੋਂ ਉਹਨਾਂ ਨੇ ਤਾਂ ਇਹ ਹੀ ਆਖਿਆ ਹੈ ਕਿ ਮਾਇਆ ਦੇ ਬੰਧਨਾਂ ਤੋਂ ਮੁਕਤੀ ਅਤੇ ਪ੍ਰਭੂ ਵਿੱਚ ਲਿਵਲੀਨਤਾ ਸ਼ਬਦ-ਗੁਰੂ ਨੂੰ ਸੁਰਤ ਵਿਚ ਵਸਾਉਣ ਅਤੇ ਸ਼ਬਦ-ਗੁਰੂ ਅਨੁਸਾਰੀ ਹੋ ਕੇ ਜੀਵਨ ਬਸਰ ਕਰਨ ਨਾਲ ਹੀ ਹੋ ਸਕਦੀ ਹੈ।

**11. ਆਤਮਾ –** ਈਸਾਈ ਵਿਸ਼ਵਾਸ ਅਨੁਸਾਰ ਹਰੇਕ ਮੱਨੁਖ ਦਾ ਇਕ ਭੌਤਿਕ ਸਰੀਰ ਹੈ ਤੇ ਦੂਜੀ ਆਤਮਾ। ਪ੍ਰਭੂ ਦੁਆਰਾ ਸਿਰਜੀ ਹੋਣ ਕਰਕੇ ਇਸਦਾ ਆਰੰਭ ਤਾਂ ਹੈ, ਪਰ ਅੰਤ ਨਹੀਂ । ਇਹ ਅਮਰ ਹੈ। ਆਤਮਾ ਨੂੰ ਮੱਨੁਖੀ ਆਤਮਾ ਦੇ ਤੌਰ ਤੇ ਸਿਰਜਿਆ ਗਿਆ ਸੀ, ਇੱਹ ਸਰੀਰ ਦਾ ਅੰਗ ਸੀ, ਅਤੇ ਸਰੀਰ ਇਸਦੇ ਸਹਾਰੇ ਚਲਦਾ ਸੀ। ਇਸ ਲਈ ਆਤਮਾ ਕੇਵਲ ਇੱਕ ਸਰੀਰ ਨੂੰ ਜੀਉਂਦਾ ਰਖ ਸਕਦੀ ਹੈ। ਇਸ ਜੀਵਨ ਵਿੱਚ ਇਸਦੀ ਹੋਂਦ ਕੇਵਲ ਇੱਕ ਸਰੀਰ ਨੂੰ ਜੀਉਂਦਾ ਰਖ ਸਕਦੀ ਹੈ। ਇਸ ਜੀਵਨ ਵਿੱਚ ਇਸਦੀ ਹੋਂਦ ਕੇਵਲ ਇੱਕ ਵਾਰ ਹੀ ਹੁੰਦੀ ਹੈ, ਹਰੇਕ ਆਦਮੀ ਕੇਵਲ ਇਕੋ ਵਾਰ ਮਰਦਾ ਹੈ! ਈਸਾਈਆਂ ਦਾ ਵਿਸ਼ਵਾਸ ਹੈ ਕਿ ਪੁਨਰਉੱਥਾਨ (Resurrection) ਵਾਲਾ ਦਿਨ ਜ਼ਰੂਰ ਆਵੇਗਾ, ਜਦ ਇੱਹ ਆਤਮ: ਫਿਰ ਪਹਿਲੇ ਸਰੀਰ ਵਿਚ ਮਿਲ ਜਾਵੇਗੀ, ਜੋ ਭਾਵੇਂ ਮਿੱਟੀ ਵਿਚ ਕਿਉਂ ਨਾ ਮਿਲ ਗਿਆ ਹੋਵੇ: ਮੱਨੁਖ ਦੀ ਆਤਮਾ ਨੂੰ ਇਕ ਬਿਲਕੁਲ ਵੱਖਰੀ ਭਾਂਤ ਦੀ ਆਤਮਾ ਮੰਨਿਆ ਜਾਂਦਾ ਹੈ, ਇਹ ਪੰਛਿਆਂ ਜਾਂ ਪਸ਼ੂਆਂ ਦੇ ਸਰੀਰਾਂ ਵਿਚ ਪਰਵੇਸ਼ ਨਹੀਂ ਕਰ ਸਕਦੀ।

ਸਿੱਖ ਧਰਮ ਆਤਮਾ ਨੂੰ ਅਮਰ ਤੇ ਅਵਿਨਾਸ਼ੀ ਮੰਨਦਾ ਹੈ, ਕਿਉਂਕਿ ਉਹ ਪ੍ਰਭੂ ਦੀ ਆਪਣੀ ਆਤਮਾ ਦਾ ਅੰਸ਼ ਹੈ। ਸਿੱਖ ਧਰਮ ਪ੍ਰਭੂ ਦੀ ਆਪਣੀ ਵੱਖਰੀ ਆਤਮਾ-ਪਵਿੱਤਰ ਰੂਹ-ਅਤੇ ਮਨੁਖਾਂ, ਪਸ਼ੂਆਂ ਤੇ ਪੌਦਿਆ ਆਦਿ ਵਿਚ ਭਿੰਨ ਭਿੰਨ ਤਰ੍ਹਾ ਦੀਆ ਆਤਮਾਵਾਂ ਵਿਚ ਯਕੀਨ ਨਹੀਂ ਰਖਦਾ। ਸਿੱਖ ਧਰਮ ਅਨੁਸਾਰ ਸਾਰੇ ਬ੍ਰਹਿਮੰਡ ਮਨੁਖਾਂ ਜੀਵਾਂ-ਜੰਤੂਆਂ ਤੇ ਬਨਸਪਤੀ ਵਿਚ ਇਕੋ ਹੀ ਪ੍ਰਭੂ ਦੀ ਆਤਮਾ ਮੌਜੂਦ ਹੈ, ਜਿਸਨੂੰ ਜੋਤੀ ਦਾ ਨਾਮ ਦਿਤਾ ਗਿਆ ਹੈ:

**'ਸਭ ਮਹਿ ਜੋਤਿ, ਜੋਤਿ ਹੈ ਸੋਇ।'** (ਧਨਾਸਰੀ ਮ: 1, ਪੰਨਾ 663)

ਗੁਰਮਤਿ ਇੱਹ ਵੀ ਨਹੀਂ ਮੰਨਦੀ ਕਿ ਇੱਕ ਆਤਮਾ ਕੇਵਲ ਇਕ ਹੀ ਸਰੀਰ ਲਈ ਹੁੰਦੀ ਹੈ। ਗੁਰਮਤਿ

ਵਿਸਵਾਸ ਅਨੁਸਾਰ ਮੱਨੁਖ ਜੀਵ ਦੀ ਮੌਤ ਮਗਰੋਂ ਆਤਮਾਂ ਜਾਂ ਤਾਂ ਪ੍ਰਭੂਵਿਚ ਲੀਨ ਹੋ ਜਾਂਦੀ ਹੈ ਜਾਂ ਫਿਰ ਦੂਜਾ ਸਰੀਰ ਧਾਰਨ ਕਰ ਲੈਂਦੀ ਹੈ। ਗੁਰਮਤਿ ਇਸ ਖਿਆਲ ਲਈ ਬਿਲਕੁਲ ਹੀ ਸਹਿਮਤ ਨਹੀਂ ਕਿ ਕਿਸੇ 'ਪੁੱਨਰਉੱਥਾਨ ਵਾਲੇ ਦਿਨ' ਸਭ ਸਰੀਰਾਂ ਦੀ ਆਪਣੀ-ਆਪਣੀ ਆਤਮਾ ਉਹਨਾਂ ਵਿਚ ਮਿਲ ਜਾਵੇਗੀ।

ਈਸਾਈ ਮੱਤ ਮੱਨੁਖ ਦੀ ਮੌਤ ਮਗਰੋਂ ਉਸਦੀ ਹੋਂਦ ਬਾਰੇ ਸਵੈ-ਵਿਰੋਧੀ ਵਿਚਾਰ ਰਖਦੀ ਹੈ। ਇੱਕ ਪਾਸੇ ਤਾਂ ਮੰਨਦਾ ਹੈ ਕਿ ਆਪਣੇ ਕੀਤੇ ਕਰਮਾਂ ਅਨੁਸਾਰ ਮੌਤ ਮਗਰੋਂ ਮੱਨੁਖ ਜਾਂ ਤਾਂ ਸਵਰਗ ਵਿੱਚ ਜਾਣਗੇ ਜਾਂ ਨਰਕ ਵਿੱਚ! ਦੂਜਾ ਇੱਹ ਕਿ ਕਿਸੇ ਕਲਪਿਤ 'ਪੁਨਰਉੱਥਾਨ ਵਾਲੇ ਦਿਨ' ਸਭ ਆਤਮਾਵਾਂ ਇਸ ਮਾਤ ਲੋਕ (ਧਰਤੀ) ਉਤੇ ਆਪਣੇ ਸਰੀਰਾਂ ਵਿੱਚ ਪ੍ਰਵੇਸ਼ ਕਰ ਲੈਣਗੀਆਂ ਅਤੇ ਉਹਨਾਂ ਮਨੁਖਾਂ ਨੂੰ ਈਸਾ ਮਸੀਹ ਆਪ ਆ ਕੇ ਸਵਰਗ ਵਿਚ ਲੈ ਜਾਵੇਗਾ। ਈਸਾਈ ਮੱਤ ਆਵਾਗਵਨ (ਪੁਨਰ ਜਨਮ, ਦੇ ਸਿਧਾਂਤ ਨੂੰ ਨਹੀਂ ਮੰਨਦਾ, ਜਦੋਂ ਕਿ ਗੁਰਮਤਿ ਆਵਾਗਵਨ ਦੇ ਸਿਧਾਂਤ ਨੂੰ ਦ੍ਰਿੜਤਾ ਨਾਲ ਸਵੀਕਾਰ ਦੀ ਤੇ ਪਰਚਾਰਦੀ ਹੈ।

**12. ਸਵੱਰਗ ਨਰਕ –** ਈਸਾਈ ਮਤ ਅਨੁਸਾਰ ਜਦੋਂ ਇਕ ਆਦਮੀ ਮਰਦਾ ਹੈ, ਤਾਂ ਜੇਕਰ ਪਰਮਾਤਮਾ ਦੀ ਉਸ ਉਤੇ ਮਿਹਰ ਹੋਵੇ ਤਾਂ ਉਹ ਸਵਰਗਾਂ ਵਿਚ ਜਾਂਦਾ ਹੈ, ਜੇਕਰ ਪਾਪਾਂ ਦਾ ਪਲੜਾ ਭਾਰੀ ਹੋਵੇ ਤਾਂ ਨਰਕਾਂ ਵਿਚ।

ਸਿੱਖ ਗੁਰੁਸਾਹਿਬਾਨ ਦੇ ਸਮੇਂ ਵਿਚ ਹਿੰਦੂਅਤੇ ਮੁਸਲਮਾਨ ਦੋਵੇ ਹੀ ਸਵਰਗ ਨਰਕ ਵਿਚ ਵਿਸ਼ਵਾਸ ਰਖਦੇ ਸਨ। ਇਸ ਲਈ ਸਤਿਗੁਰਾਂ ਨੇ ਮਨੁਖਾਂ ਨੂੰ ਸਮਝਾਉਣ ਲਈ 'ਸਵੱਰਗ' ਜਾਂ 'ਨਰਕ' ਲਫ਼ਜਾਂ ਦੀ ਆਪਣੀ ਬਾਣੀ ਵਿਚ ਕਿਧਰੇ-ਕਿਧਰੇ ਵਰਤੋਂ ਤਾਂ ਜ਼ਰੂਰ ਕੀਤੀ ਹੈ, ਪਰ ਇਹਨਾਂ ਦੀ ਹੋਂਦ ਨੂੰ ਸਿਧਾਂਤ- ਰੂਪ ਵਿਚ ਸਵੀਕਾਰ ਨਹੀਂ ਕੀਤਾ। ਆਪ ਨੇ ਸਪੱਸ਼ਟ ਲਿਖਿਆ ਹੈ ਕਿ ਗੁਰਮੁਖ ਸਵੱਰਗ-ਨਰਕ ਦੇ ਖਿਆਲ ਨੂੰ ਰੱਦ ਕਰ ਦਿੰਦੇ ਹਨ :-

– ਕਵਨੁ ਨਰਕੁ ਕਿਆ ਸੁਰਗੁ ਬਿਚਾਰਾ,
ਸੰਤਨ ਦੋਊ ਰਾਦੇ ॥ (ਰਾਮਕਾਲੀ ਕਬੀਰ ਜੀ ਪੰਨਾ 969)

ਯਥਾ

– ਕਬੀਰ ਸੁਰਗ ਨਰਕ ਤੇ ਮੈ ਰਹਿਓ, ਸਤਿਗੁਰੂ ਕੇ ਪਰਸਾਦਿ ॥
ਚਰਨ ਕਮਲ ਕੀ ਮਉਜ ਮਹਿ, ਰਹਉ ਅੰਤਿ ਅਰੁ ਆਦਿ ॥ (ਸਲੋਕ ਕਬੀਰ ਜੀ ਪੰਨਾ 137●)

**13. ਪਰਲੋ ਵਿਗਿਆਨ ਅਥਵਾ ਪਰਲੋਕ ਸ਼ਾਸਤਰ (Eschatology)**

ਇਸਦਾ ਭਾਵ ਹੈ ਮਨੁੱਖ ਦਾ ਅੰਤਮ ਮਨੋਰਥ । ਸੰਸਾਰ ਵਿਚ ਆ ਕੇ ਮੱਨੁਖ ਦਾ ਅੰਤਮ ਮਨੋਰਥ ਹੈ-ਪਰਮਾਤਮਾ ਨੂੰ ਪੂਰੇ ਮਨ ਨਾਲ ਸਮਝਣਾ, ਉਸਨੂੰ ਪਿਆਰ ਕਰਨਾ ਤੇ ਉਸਦੀ ਸੇਵਾ ਕਰਨਾ। ਹਜ਼ਰਤ ਈਸਾ ਦੀ ਸਿਖਿਆ ਅਤੇ ਉਹਨਾਂ ਦੇ ਪੂਰਨਿਆਂ ਉਤੇ ਚਲ ਕੇ ਪਰਮਾਤਮਾ ਦੀ ਇੱਛਾ ਦਾ ਪਾਲਣ ਕਰਨਾ। ਹਜ਼ਰਤ ਈਸਾ ਹੀ ਪਰਮਾਤਮਾ ਅਤੇ ਮਨੁਖਾਂ ਵਿਚਕਾਰ ਵਿਚੋਲੇ ਹਨ। ਜਿਹੜੇ ਲੋਕ ਇੰਝ ਕਰਨਗੇ ਉਹਨਾਂ ਨੂੰ ਸਵੱਰਗ ਵਿਚ ਥਾਂ ਮਿਲੇਗੀ। ਉਹ ਪਰਮ-ਅਨੰਦ ਦੀ ਅਵੱਸਥਾ ਵਿਚ ਪਰਮਾਤਮਾ ਕੋਲ ਰਹਿਣਗੇ।

ਗੁਰਮਤਿ ਇਸ ਗੱਲ ਨਾਲ ਤਾਂ ਸਹਿਮਤ ਹੈ ਕਿ ਮੱਨੁਖ ਦਾ ਜੀਵਨ ਮਨੋਰਥ ਪ੍ਰਭੂਨੂੰ ਸਮਝਣਾ, ਉਸ ਨਾਲ ਪਿਆਰ ਪਾਉਣਾ ਉਸਦੀ ਸੇਵਾ ਕਰਨੀ ਅਤੇ ਉਸ ਨਾਲ ਇਕਸੁਰਤਾ ਪ੍ਰਾਪਤ ਕਰਨਾ ਹੈ ਪਰ ਗੁਰਮਤਿ ਇੱਹ ਨਹੀਂ ਮੰਨਦੀ ਕਿ ਹਜ਼ਰਤ ਈਸਾ ਜਾਂ ਹੋਰ ਕੋਈ ਮੱਨੁਖ ਰੱਬ ਵਿਚਕਾਰ ਵਿਚੋਲਾ ਹੋ ਸਕਦਾ ਹੈ। ਗੁਰਮਤਿ ਅਨੁਸਾਰ ਤਾਂ 'ਸ਼ਬਦ-ਗੁਰੂ' ਦੇ ਲੜ ਲੱਗ ਕੇ, ਗੁਰੂਸਾਹਿਬਾਨ ਦੇ ਪਾਏ ਪੂਰਨਿਆਂ ਉਤੇ ਚਲ ਕੇ, ਜਗਿਆਸੂਮਾਇਆ ਅਤੇ ਵਿਕਾਰਾਂ ਦੀ ਮੈਲ ਲਾਹ ਲੈਂਦਾ ਹੈ ਅਤੇ ਰੱਬੀ-ਗੁਣਾਂ ਨੂੰ ਧਾਰਨ ਕਰਕੇ ਅੰਤ ਪ੍ਰਭੂਵਿਚ ਲੀਨ ਹੋ ਜਾਂਦਾ ਹੈ। ਗੁਰਮਤਿ ਵਿੱਚ ਸਵੱਰਗਾਂ ਦਾ ਲਾਲਚ ਨਹੀਂ ਦਿਤਾ ਗਿਆ, ਸਗੋਂ ਪ੍ਰਭੂਦੇ "ਚਰਣ-ਕਮਲਾਂ ਦੀ ਮਉਜ" ਵਿੱਚ ਰਹਿਣ ਲਈ ਉਤਸ਼ਾਹਿਤ ਕੀਤਾ ਗਿਆ ਹੈ। ਇਸਦਾ ਭਾਵ ਹੈ ਪ੍ਰਭੂਦੀ ਸ਼ਰਨ ਵਿਚ ਰਹਿਣਾ, ਪ੍ਰਭੂ ਦੇ ਹੁਕਮ ਨੂੰ ਸਮਝ ਕੇ ਉਸਦੀ ਆਗਿਆ ਦਾ ਪਾਲਣ ਕਰਨਾ ਤੇ ਸਹਿਜ-ਅਨੰਦ ਦੀ ਅਵੱਸਥਾ ਵਿਚ ਵਿਚਰਨਾ। ਪ੍ਰਭੂਦੇ ਹੁਕਮ ਦੀ ਸਮਝ ਗੁਰੂਤੋਂ ਪੈਂਦੀ ਹੈ।

## 14. ਸਮਾਜਕ ਨਿਯਮ

**(ੳ) ਪਿਆਰ ਦੀ ਸਿਖਿਆ** :- ਈਸਾਈ ਧਰਮ ਮਨੁੱਖਾਂ ਵਿਚ ਪਿਆਰ ਦੀ ਸਿਖਿਆ ਦਿੰਦਾ ਹੈ, ਪ੍ਰਮਾਤਮਾ ਨੂੰ ਪਿਆਰ ਕਰੋ ਆਪਣੇ ਗੁਆਂਢੀ ਨੂੰ ਪਿਆਰ ਕਰੋ..... ਦੁਸ਼ਮਣ ਨੂੰ ਪਿਆਰ ਕਰੋ ਉਨ੍ਹਾਂ ਨਾਲ ਚੰਗਾ ਵਰਤਾਓ ਕਰੋ ਜੋ ਤੁਹਾਨੂੰ ਨਫਰਤ ਕਰਦੇ ਹਨ, (Mt. 5/43 - 44), ਝਗੜਿਆਂ ਦੀ ਥਾਂ ਖਿਮਾ ਧਾਰਨ ਕਰੋ।

**(ਅ) ਪਦਾਰਥਕ ਵਸਤੂਆਂ ਦੀ ਵੰਡ** :- ਪਦਾਰਥਕ ਵਸਤੂਆਂ ਦੀ ਵੰਡ ਹੋਣੀ ਚਾਹੀਦੀ ਹੈ, ਤਾਂ ਜੋ ਕੋਈ ਲੋੜਵੰਦ ਨਾ ਰਹੇ (ਐਕਟਸ 4/32 - 33)। ਜੇ ਕਰ ਤੁਸੀਂ ਸੰਪੂਰਣ ਬਣਨਾ ਚਾਹੁੰਦੇ ਹੋ, ਤਾਂ ਜਾਓ ਜੋ ਕੁਝ ਤੁਹਾਡੇ ਕੋਲ ਹੈ ਵੇਚੋ ਤੇ ਗਰੀਬਾਂ ਨੂੰ ਦੇ ਦਿਉ ਅਤੇ ਤੁਹਾਨੂੰ ਸਵਰਗ ਵਿਚ ਖਜ਼ਾਨਾ ਪ੍ਰਾਪਤ ਹੋਵੇਗਾ।

**(ੲ) ਧਨ** : ਅਮੀਰਾਂ ਨੂੰ ਦੁਖ ਉਠਾਉਣੇ ਪੈਣਗੇ। (ਲੂਕਾਂ 6 : 14) ਕਿਉਂਕਿ ਇਕ ਉੱਠ ਲਈ ਸੂਈ ਦੇ ਨਕੇ ਵਿਚੋਂ ਲੰਘਣਾ ਇਕ ਅਮੀਰ ਆਦਮੀ ਦੇ ਸਵਰਗ ਵਿਚ ਪ੍ਰਵੇਸ਼ ਕਰਨ ਤੋਂ ਸੌਖਾ ਹੈ। **(Mt. 19 : 24)**

**(ਸ) ਪ੍ਰਵਾਰਕ ਜੀਵਨ** : ਪ੍ਰਵਾਰ ਸਮਾਜ ਦਾ ਧੁਰਾ ਹੈ। ਪ੍ਰਵਾਰਕ ਜੀਵਨ ਨੂੰ ਪਵਿੱਤਰ ਰਖਣ ਲਈ, ਈਸਾਈ ਮੱਤ ਵਿਚ ਵਿਭਚਾਰ (adultery) ਤੇ ਹੋਰ ਜਿਨਸੀ ਜੁਰਮਾਂ (sexual crimes) ਨੂੰ ਨਿੰਦਿਆ ਗਿਆ ਹੈ। ਤਲਾਕ ਵਿਵਰਜਤ ਹੈ। ਬਾਈਬਲ ਵਿਚ ਲਿਖਿਆ ਹੈ, "ਜਿਨ੍ਹਾਂ ਨੂੰ ਪ੍ਰਾਮਾਤਮਾ ਨੇ ਇਕੱਠਾ ਕੀਤਾ ਹੈ, ਮਨੁੱਖ ਨੂੰ (ਉਨ੍ਹਾਂ ਨੂੰ) ਨਿਖੇੜਨਾ ਨਹੀਂ ਚਾਹਦੀ।" **(Mk 10 : 9)**

**(ਹ) ਮਿਹਨਤ** : ਮਨੁੱਖ ਨੂੰ ਆਪਣੀ ਰੋਜ਼ੀ ਆਪ ਕਮਾਉਣੀ ਚਾਹੀਦੀ ਹੈ । ਇਸ ਬਾਰੇ ਲਿਖਿਆ ਹੈ, 'ਜੇ ਕਰ ਕੋਈ ਆਦਮੀ ਕੋਈ ਕੰਮ ਨਹੀਂ ਕਰਦਾ, ਤਾਂ ਉਸ ਨੂੰ ਖਾਣ ਨੂੰ ਭੀ ਨਾ ਦਿਓ। **(The 3 : 10)**

ਗੁਰਮਤਿ ਉਪਰੋਕਤ ਸਮਾਜਕ-ਨਿਯਮਾਂ ਬਾਰੇ ਆਮ ਤੌਰ ਤੇ ਮੇਲ ਖਾਂਦੀ ਹੈ। ਮੱਨੁਖੀ ਭਾਈਚਾਰੇ ਵਿਚ ਪਿਆਰ ਦੀ ਭਾਵਨਾ ਬਾਰੇ ਗੁਰੂ-ਹੁਕਮ ਹਨ :

**ਨਾ ਕੋ ਬੈਰੀ ਨਹੀਂ ਬਿਗਾਨਾ, ਸਗਲ ਸੰਗਿ ਹਮ ਕਉ ਬਨਿ ਆਈ ॥** (ਕਾਨੜਾ ਮ 5-1296)

ਯਥਾ

**ਸਭੁ ਕੋ ਮੀਤੁ ਹਮ ਆਪਨ ਕੀਨਾ, ਹਮ ਸਭਨਾ ਕੇ ਸਾਜਨ ॥** (ਧਨਾਸਰੀ ਮ: 5-671)

ਯਥਾ

ਗੁਰਮਤਿ ਨੇ ਸਿੱਖਾਂ ਨੂੰ ਮਿਹਨਤ ਦੀ ਕਮਾਈ ਕਰਨ ਅਤੇ ਉਸ ਕਮਾਈ ਨੂੰ ਹੋਰਨਾ ਦੇ ਭਲੇ ਲਈ ਵਰਤਣ ਦਾ ਉਪਦੇਸ਼ ਦਿਤਾ ਹੈ।

**ਘਾਲਿ ਖਾਇ ਕਿਛੁ ਹਥਹੁ ਦੇਹਿ ॥ ਨਾਨਕ ਰਾਹੁ ਪਛਾਣਹਿ ਸੇਇ ॥**

(ਸਾਰੰਗ ਕੀ ਵਾਰ ਮ: 1 ਪੰਨਾ 1245)

ਲੋੜਵੰਦਾ ਦੀ ਸੇਵਾ ਦਾ ਹੁਕਮ ਦਿਤਾ ਗਿਆ ਹੈ:

**ਵਿਚਿ ਦੁਨੀਆ ਸੇਵ ਕਮਾਈਐ ॥ ਤਾ ਦਰਗਹ ਬੈਸਣੁ ਪਾਈਐ ॥** (ਸਿਰੀ ਰਾਗ ਮ: 1, ਪਨਾ 26)

ਦੂਜਿਆਂ ਦਾ ਹੱਕ ਮਾਰਨ ਬਾਰੇ ਸਖਤ ਤਾੜਨਾ ਕੀਤੀ ਗਈ ਹੈ:

**ਹਕੁ ਪਰਾਇਆ ਨਾਨਕਾ, ਉਸੁ ਸੂਅਰ ਉਸੁ ਗਾਇ ॥**

**ਗੁਰੁ ਪੀਰੁ ਹਾਮਾ ਤਾ ਭਰੇ, ਜਾ ਮੁਰਦਾਰੁ ਨ ਖਾਇ ॥** (ਸਲੋਕ ਮ: 1, ਵਾਰ ਮਾਝ ਪੰਨਾ 141)

ਲੋੜਵੰਦਾ ਦੀ ਸੇਵਾ ਸਿੱਖ ਨੇ ਆਪਣਾ ਧਾਰਮਕ ਫਰਜ਼ ਸਮਝ ਕੇ ਕਰਨੀ ਹੁੰਦੀ ਹੈ, ਇਸ ਦੇ ਬਦਲੇ ਵਿਚ ਉਹ ਕਿਸੇ ਚੀਜ਼ ਦੀ ਆਸ ਨਹੀਂ ਰਖਦਾ। ਸੇਵਾ ਕਰਨ ਬਦਲੇ ਉਸ ਨੂੰ ਈਸਾਈ ਮੱਤ ਦੀ ਤਰ੍ਹਾਂ ਕਿਸੇ ਸਵਰਗ ਦਾ ਲਾਲਚ ਨਹੀਂ ਦਿਤਾ ਗਿਆ। ਰੁਪਏ ਪੈਸੇ ਦੀ ਸਾਵੀਂ ਵੰਡ ਦਾ ਉਪਦੇਸ਼ ਦਿਤਾ ਗਿਆ ਹੈ:

**ਜਿਸੁ ਗ੍ਰਿਹਿ ਬਹੁਤੁ, ਤਿਸੈ ਗ੍ਰਿਹਿ ਚਿੰਤਾ ॥**

**ਜਿਸੁ ਗ੍ਰਿਹਿ ਥੋਰੀ, ਸੁ ਫਿਰੈ ਭ੍ਰਮੰਤਾ ॥**

**ਦੁਹੂ ਬਿਵਸਥਾ ਤੇ ਜੋ ਮੁਕਤਾ, ਸੋਈ ਸੁਹਲਾ ਭਾਲੀਐ ॥** (ਮਾਰੂ ਮ: 5, ਪੰਨਾ 1019)

ਧਨ (ਰੁਪਏ-ਪੈਸੇ) ਬਾਰੇ ਸਪਸ਼ਟ ਆਖਿਆ ਗਿਆ ਹੈ ਕਿ ਮਾਇਆ ਗਲਤ ਢੰਗਾ (ਧੋਖਾ, ਫਰੇਬ, ਹੇਰਾ-ਫੇਰੀ) ਤੇ ਪਾਪਾ ਨਾਲ ਹੀ ਜੋੜੀ ਜਾ ਸਕਦੀ ਹੈ, ਤੇ ਮਨੁੱਖ ਦੇ ਨਾਲ ਨਹੀਂ ਜਾਂਦੀ।

**ਪਾਪਾ ਬਾਝਹੁ ਹੋਵੈ ਨਾਹੀ, ਮੁਇਆ ਸਾਥਿ ਨ ਜਾਈ ॥** (ਆਸਾ ਮ: 1, ਪੰਨਾ 417)

ਇਸ ਨਈ ਮਾਇਆਧਾਰੀ ਮਨੁੱਖ ਬਾਰੇ ਆਖਿਆ ਗਿਆ ਹੈ:-

**ਮਾਇਆਧਾਰੀ ਅਤਿ ਅੰਨਾ ਬੋਲਾ ॥** (ਵਾਰ ਗਉੜੀ, ਮ: 3, ਪੰਨਾ 313)

ਪਰ ਇਹ ਵੀ ਮੰਨਿਆ ਗਿਆ ਹੈ ਕਿ ਜੇ ਧਨਵਾਨ ਮਨੁੱਖ ਗੁਰੂ-ਦੱਸੇ ਮਾਰਗ ਤੇ ਚਲਣ ਤਾਂ ਉਹ ਮਾਇਆ ਦੇ ਪ੍ਰਭਾਵ ਤੋਂ ਬਚ ਕੇ ਪ੍ਰਭੂ-ਭਗਤ ਬਣ ਸਕਦੇ ਹਨ। ਭਾਵੇਂ ਅਜਿਹੇ ਲੋਕਾਂ ਦੀ ਗਿਣਤੀ ਸੰਸਾਰ ਵਿੱਚ ਬਹੁਤ ਘੱਟ ਹੁੰਦੀ ਹੈ, ਪਰ ਹੁੰਦੇ ਜ਼ਰੂਰ ਹਨ। ਭਾਈ ਗੁਰਦਾਸ ਜੀ ਨੇ ਰਾਜਾ ਜਨਕ ਨੂੰ ਅਜਿਹੇ ਪੁਰਸ਼ਾਂ ਵਿੱਚ ਗਿਣਿਆ ਹੈ।

ਪਰਿਵਾਰਕ ਜੀਵਨ ਦੀ ਪਵਿਤਰਤਾ ਬਾਰੇ ਗੁਰਬਾਣੀ ਵਿੱਚ ਸਪਸ਼ਟ ਆਦੇਸ਼ ਹਨ। ਵਿਭਚਾਰ (ਪਰਾਈ ਇਸਤਰੀ, ਜਾਂ ਪਰਾਏ ਪੁਰਖ ਨਾਲ ਸਰੀਰਕ ਸਬੰਧ) ਤੋਂ ਸਿੱਖਾਂ ਨੂੰ ਸਖਤੀ ਨਾਲ ਹੋੜਿਆ ਹੈ। ਆਪਣੇ ਪਤੀ ਅਥਵਾ ਆਪਣੀ ਪਤਨੀ ਨਾਲ ਹੀ ਸਰੀਰਕ ਸਬੰਧਾਂ ਦੀ ਇਜ਼ਾਜਤ ਹੈ। ਗੁਰੂਹੁਕਮ ਹਨ:-

**- ਘਰ ਕੀ ਨਾਰਿ ਤਿਆਗੈ ਅੰਧਾ ॥ ਪਰ ਨਾਰੀ ਸਿਉ ਘਾਲੈ ਧੰਧਾ ॥**

**ਜੈਸੇ ਸਿੰਬਲੁ ਦੇਖਿ ਸੁਆ ਬਿਗਸਾਨਾ ॥ ਅੰਤ ਕੀ ਬਾਰ ਮੂਆ ਅਪਟਾਨਾ ॥**

**ਪਾਪੀ ਦਾ ਘਰ ਅਗਨੇ ਮਾਹਿ ॥ ਜਲਤ ਰਹੈ ਮਿਟਵੈ ਕਬ ਨਾਹਿ ॥**

(ਭੈਰਉ, ਨਾਮਦੇਵ ਜੀ ਪੰਨਾ 1165)

ਯਥਾ

**- ਜੈਸਾ ਸੰਗੁ ਬਿਸੀਅਰ ਸਿਉ ਹੈ ਰੇ,**

**ਤੈਸੋ ਹੀ ਇਹੁ ਪਰਗ੍ਰਿਹੁ ॥** (ਆਸਾ ਮ: 5, ਪੰਨਾ 4●3)

ਯਥਾ

**-ਦੇਖਿ ਪਰਾਈਆਂ ਚੰਗੀਆਂ, ਮਾਵਾਂ ਭੈਣਾਂ ਧੀਆਂ ਜਾਣੇ ॥** (ਭਾਈ ਗੁਰਦਾਸ ਜੀ, ਵਾਰ 29)

ਯਥਾ

**-ਹਉ ਤਿਸ ਘੋਲ ਘੁਮਾਇਆ, ਪਰ ਨਾਰੀ ਦੇ ਨੇੜ ਨ ਜਾਵੈ ॥** (ਭਾਈ ਗੁਰਦਾਸ ਜੀ, ਵਾਰ 12)

ਸਿਟੇ ਵਜੋਂ ਕਹਿ ਸਕਦੇ ਹਾਂ ਕਿ ਰੱਬ ਦੇ ਸਕੰਲਪ ਬਾਰੇ ਕੁਝ ਕੁ ਵਿਚਾਰਾਂ ਅਤੇ ਸਮਾਜਿਕ ਨਿਯਮਾਂ (ਵਰਤਾਰੇ ਬਾਰੇ ਗੁਰਮਤਿ ਅਤੇ ਈਸਾਈ ਮਤ ਵਿੱਚ ਸਾਂਝ ਜ਼ਰੂਰ ਹੈ, ਪਰ ਮੁੱਖ ਧਾਰਮਕ-ਸਿਸਾਤਾਂ ਵਿਚ ਜਮੀਨ-ਅਸਮਾਨ ਦਾ ਅੰਤਰ ਹੈ।

## ਈਸਾਈ ਰਸਮਾਂ ਅਤੇ ਪੁਰਬ

1. ਬਪਤਿਸਮਾਂ (Baptism) - ਇਸਾਈ ਧਰਮ ਵਿਚ ਦਾਖਲ ਹੋਣ ਲਈ ਜਿਹੜੀ ਪ੍ਰਤਗਿਆ ਲਈ ਜਾਂਦੀ ਹੈ ਤੇ ਰਸਮ ਪੂਰੀ ਕੀਤੀ ਜਾਂਦੀ ਹੈ, ਉਸਨੂੰ ਬਪਤਿਸਮਾ ਲੈਣਾ ਕਹਿੰਦੇ ਹਨ। ਈਸਾ ਨੇ ਖ਼ੁਦ ਸੇਂਟ ਜੌਹਨ ਪਾਸੋਂ ਜਾਰਡਨ ਨਦੀ ਦੇ ਪਾਣੀ ਵਿੱਚ ਬਖਤਿਸਮਾ ਲਿਆ ਸੀ।

2. ਹੋਲੀ ਕਮਉਨਿਅਨ (Holi Communion) - ਇਸਨੂੰ ਲਾਰਡਜ਼ ਸੁਪਰ' ਅਥਵਾ 'ਪਵਿੱਤਰ ਭੋਜਨ' ਵੀ ਆਖਦੇ ਹਨ। ਇਹ ਰਸਮ ਉਸ ਭੋਜਨ ਦੀ ਯਾਦ ਵਿਚ ਮਨਾਈ ਜਾਦੀ ਹੈ, ਜੋ ਹਜ਼ਰਤ ਈਸਾ ਨੇ ਸ਼ਹੀਦ ਹੋਣ ਤੋਂ ਇਕ ਦਿਨ ਪਹਿਲਾਂ ਆਪਣੇ ਚੇਲਿਆਂ ਨਾਲ ਮਿਲਕੇ ਖਾਧਾ ਸੀ।

3. **ਕ੍ਰਿਸਮਿਸ (Christmas)** – ਇਹ ਈਸਾ ਦੇ ਜਨਮ ਦਿਨ ਦਾ ਤਿਉਹਾਰ ਹੈ, ਜੋ ਹਰ ਸਾਲ 25 ਦਸੰਬਰ ਨੂੰ ਮਨਾਇਆ ਜਾਂਦਾ ਹੈ। ਇਸਨੂੰ 'ਵੱਡਾ ਦਿਨ' ਵੀ ਕਹਿੰਦੇ ਹਨ।

4. **ਗੁਡ ਫਰਾਈਡੇ (Good Friday)** – ਇਹ ਈਸਾ ਦੇ ਸੂਲੀ ਚਾੜ੍ਹੇ ਜਾਣ, ਸ਼ਹੀਦ ਹੋਣ, ਦੀ ਯਾਦ ਵਿੱਚ ਮਨਾਇਆ ਜਾਂਦਾ ਹੈ।

5. **ਈਸਟਰ (Easter)** – ਇਹ ਈਸਾ ਦੀ ਮੌਤ ਮਗਰੋਂ ਤੀਜੇ ਦਿਨ (ਐਤਵਾਰ ਨੂੰ) ਮੁੜ ਸੁਰਜੀਤ ਹੋ ਜਾਣ ਦੀ ਯਾਦ ਵਿਚ ਮਨਾਇਆ ਜਾਂਦਾ ਹੈ।

6. **ਅਸੈਨਸ਼ਨ (Ascension)** – ਇਹ ਈਸਾ ਦੇ ਮੁੜ 'ਸਵੱਰਗ' ਵਲ ਚਲੇ ਜਾਣ' ਦੀ ਯਾਦ ਵਿਚ ਮਨਾਇਆ ਜਾਂਦਾ ਹੈ।

7. **ਪੈਂਟਕਾਸਟ (Pentecost)** – ਇਹ ਉਸ ਦਿਨ ਦੀ ਯਾਦ ਵਿਚ ਮਨਾਇਆ ਜਾਂਦਾ ਹੈ, ਜਿਸ ਦਿਨ ਈਸਾਈਆਂ ਦੇ ਵਿਸ਼ਵਾਸ ਮੁਤਾਬਿਕ 'ਪਵਿਤਰ ਰੂਹ ਈਸਾ ਦੇ ਚੇਲਿਆਂ (ਰਸੂਲਾਂ) ਉਤੇ ਆ ਉਤਰੀ ਸੀ ਅਥਵਾ ਨਾਜ਼ਲ ਹੋਈ ਸੀ।

>< >< >< >< >< >< ><

**ਲਾਂਚ ਕਰਤਾ : ਜਸਬੀਰ ਸਿੰਘ**

**Mob. : 099881-60484, 62390-45985**

Type Setting : Radheshyam Choudhary

Mob. : 098149- 66882